# ਸੀ-ਹਰਫ਼ੀਆਂ ਹਰੀ ਸਿੰਘ ਨਲਵਾ


ਕ੍ਰਿਤ

ਕਾਦਰਯਾਰ

ਸੰਪਾਦਕ

ਗੰਡਾ ਸਿੰਘ



ਪਬਲੀਕੇਸ਼ਨ ਬਿਊਰੋ

ਪੰਜਾਬੀ ਯੂਨੀਵਰਸਿਟੀ ਪਟਿਆਲਾ

ਸੀ-ਹਰਫ਼ੀਆਂ

# ਹਰੀ ਸਿੰਘ ਨਲਵਾ

ਕ੍ਰਿਤ

**ਕਾਦਰਯਾਰ**

ਸੰਪਾਦਕ

**ਗੰਡਾ ਸਿੰਘ**

ਰਣਜੀਤ ਸਿੰਘ ਸਰਕਾਰ ਦੇ ਅਫ਼ਸਰਾਂ ਨੂੰ
ਡਿੱਠਾ ਨਜ਼ਰ ਮੈਂ ਪਾ ਕੇ ਸਾਰਿਆਂ ਵਿਚ ।
ਕਾਦਰਯਾਰ ਬਹਾਦੁਰਾਂ ਵਿਚ ਚਮਕੇ
ਹਰੀ ਸਿਘ ਜਿਉਂ ਚੰਨ ਸਤਾਰਿਆਂ ਵਿਚ ।

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

©
ਪੰਜਾਬੀ ਯੂਨੀਵਰਸਿਟੀ, ਪਟਿਆਲਾ

SIHARFIAN—HARI SINGH NALWA (*Punjabi*)
*by*
QADARYAR

*edited by*
DR. GANDA SINGH

ਪਹਿਲੀ ਵਾਰ, 1965 : 2200
ਦੂਜੀ ਵਾਰ, 1988 : 1100
ਮੁੱਲ : 9-00

ਸਰਦਾਰ ਤੀਰਥ ਸਿੰਘ, ਐਲ-ਐਲ.ਐਮ., ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਿਤ
ਅਤੇ ਯੈਸਮੈਨ ਪ੍ਰਿੰਟਰਜ਼, ਪਟਿਆਲਾ ਦੁਆਰਾ ਮੁਦ੍ਰਿਤ ।

# ਤਤਕਰਾ


| | |
|---|---|
| ਮੁੱਖ-ਬੰਧ | (v) |
| ਆਰੰਭਕ ਬਚਨ | (vii) |
| ਸੀ-ਹਰਫ਼ੀਆਂ ਹਰੀ ਸਿੰਘ ਨਲਵਾ | 1 |
| ਸੀ-ਹਰਫ਼ੀ ਅੱਵਲ | 1 |
| ਸੀ-ਹਰਫ਼ੀ ਦੋਮ | 8 |
| ਸੀ-ਹਰਫ਼ੀ ਸੋਮ | 17 |
| ਸੀ-ਹਰਫ਼ੀ ਚਹਾਰਮ | 25 |
| ਸੀ-ਹਰਫ਼ੀ ਪੰਜਮ | 33 |
| ਸੀ-ਹਰਫ਼ੀ ਸ਼ਿਸ਼ਮ | 41 |
| ਅਰਥਾਵਲੀ | 51 |

# ਮੁਖ-ਬੰਧ

ਬਦੇਸ਼ੀ ਰਾਜ ਦੇ ਸਮੇਂ ਜਿੱਥੇ ਦੇਸ਼ ਦੀ ਰਾਜਸੀ ਅਤੇ ਸਮਾਜਕ ਸਰਿਤੀ ਵਿਚ ਦੁਰਬਲਤਾ ਆਈ, ਉੱਥੇ ਸਾਡੇ ਸਾਹਿਤਕ ਅਤੇ ਇਤਿਹਾਸਕ ਗੌਰਵ ਵਲੋਂ ਵੀ ਅਣਗਹਿਲੀ ਕੀਤੀ ਗਈ। ਆਜ਼ਾਦੀ ਪਿਛੋਂ ਜ਼ਰੂਰੀ ਸੀ ਕਿ ਅਸੀਂ ਇਨ੍ਹਾਂ ਤਰੁਟੀਆਂ ਨੂੰ ਸ਼ੀਘਰ ਹੀ ਦੂਰ ਕਰਦੇ ਅਤੇ ਹਰਮਨ ਪਿਆਰਾ ਸਾਹਿਤ ਪੈਦਾ ਕਰਦੇ। ਰਾਸ਼ਟਰੀ ਸੰਕਟ ਦੇ ਸਮੇਂ ਲੋਕਾਂ ਨੂੰ ਉਭਾਰਨ ਲਈ ਅਜਿਹਾ ਸਾਹਿੱਤ ਇਕ ਵੱਡਮੁਲਾ ਸਾਧਨ ਹੁੰਦਾ ਹੈ। ਸਾਡੀ ਉੱਤਰ-ਪੱਛਮੀ ਸੀਮਾ ਉੱਤੇ ਪਾਕਿਸਤਾਨ ਨੇ ਜੋ ਉਪੱਦਰ ਖੜਾ ਕੀਤਾ ਹੈ, ਉਹ ਸਾਡੇ ਲੇਖਕਾਂ, ਕਵੀਆਂ, ਵਿਦਿਅਕ ਆਸ਼ਰਮਾਂ ਅਤੇ ਵਿਸ਼ੇਸ਼ ਕਰਕੇ ਵਿਸ਼ਵ-ਵਿਦਿਆਲਿਆਂ ਵਾਸਤੇ ਇਕ ਗੰਭੀਰ ਵੰਗਾਰ ਹੈ ਅਤੇ ਸਾਡੇ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਇਸ ਵੰਗਾਰ ਦੇ ਜਵਾਬ ਵਿਚ ਜੋ ਕੁਝ ਸਾਡੇ ਕੋਲੋਂ ਸਰ ਬਣ ਸਕਦਾ ਹੈ, ਉਸ ਅਨੁਸਾਰ ਦੇਸ਼ ਦੇ ਇਸ ਸੰਗਰਾਮ ਵਿਚ ਹਿੱਸਾ ਪਾਈਏ।

ਜੋ ਸੰਕਟ ਅੱਜ ਭਾਰਤ ਦੇ ਸਾਹਮਣੇ ਹੈ, ਅਜਿਹਾ ਸੰਕਟ ਸਾਡੇ ਦੇਸ਼ ਦੇ ਇਤਿਹਾਸ ਵਿਚ ਸ਼ਾਇਦ ਹੀ ਅੱਗੇ ਕਦੇ ਆਇਆ ਹੋਵੇ। ਕੌਮ ਦਾ ਸੰਗਠਨ, ਸਵੈਮਾਨ ਅਤੇ ਭਵਿੱਖ, ਇਸ ਦੀ ਅਖੰਡਤਾ ਅਤੇ ਪ੍ਰਫੁਲਤਾ ਦਾ ਨਿਰਭਰ ਇਸ ਗਲ ਉੱਤੇ ਹੈ ਕਿ ਅਸੀਂ ਇਸ ਸਮੱਸਿਆ ਦਾ ਟਾਕਰਾ ਕਿਤਨੀ ਦਰਿੜ੍ਹਤਾ, ਤਕੜਾਈ ਅਤੇ ਸੂਰਮਗਤੀ ਨਾਲ ਕਰਦੇ ਹਾਂ। ਕੌਮ ਦੀ ਹੋਣੀ ਇਕ ਵੇਰ ਫੇਰ ਕੁਠਾਲੀ ਵਿਚ ਹੈ। ਇਸ ਨੂੰ ਨਿਤਾਰਨਾ, ਇਸ ਵਿਚੋਂ ਕੁੰਦਨ ਦੀ ਭਾਅ ਉਭਾਰਨਾ, ਸਾਡੀ ਪੀੜ੍ਹੀ ਦੇ ਹਿੱਸੇ ਆਇਆ ਹੈ। ਸਾਨੂੰ ਇਸ ਨੂੰ ਬੜੀ ਸੁਭਾਗ ਵਾਲੀ ਗੱਲ ਸਮਝਣਾ ਚਾਹੀਦਾ ਹੈ।

ਪੰਜਾਬੀ ਯੂਨੀਵਰਸਿਟੀ ਨੇ ਅਜਿਹੀਆਂ ਪੁਸਤਕਾਂ ਛਾਪਣ ਦੀ ਤਜਵੀਜ਼ ਬਣਾਈ ਹੈ ਜਿਨ੍ਹਾਂ ਤੋਂ ਦੇਸ਼-ਵਾਸੀਆਂ ਨੂੰ ਆਪਣਾ ਵਿਰਸਾ ਅਤੇ ਕਰਤੱਵ ਪਛਾਣਨ ਅਤੇ ਗੰਭੀਰ ਸੰਕਟ ਦਾ ਹੌਂਸਲੇ ਅਤੇ ਦਲੇਰੀ ਨਾਲ ਮੁਕਾਬਲਾ ਕਰਨ ਦੀ ਪ੍ਰੇਰਨਾ ਮਿਲੇ। ਇਸ ਦੇ ਨਾਲ ਹੀ ਇਹ ਪੁਸਤਕਾਂ ਪੰਜਾਬੀ ਵਿਚ ਜਨ-ਸਾਹਿਤ ਦੀ ਥੁੜ ਨੂੰ ਵੀ ਪੂਰਾ ਕਰਨਗੀਆਂ। ਇਸ ਲੜੀ ਦੀ ਇਹ ਪਹਿਲੀ ਪੁਸਤਕ ਹੈ। ਇਹ ਨਾ ਹੀ ਖੋਜ ਦੀਆਂ ਪੁਸਤਕਾਂ ਹਨ, ਨਾ ਹੀ ਗਿਆਨ ਦੀਆਂ। ਇਨ੍ਹਾਂ ਦਾ ਇੱਕੋ ਇੱਕ ਮਨੋਰਥ ਸਮੇਂ ਦੀ ਲੋੜ ਅਨੁਸਾਰ ਆਮ ਪ੍ਰਚਲਿਤ ਸ਼ੈਲੀ ਵਿਚ ਇਕ ਸੰਦੇਸ਼, ਇਕ ਪ੍ਰੇਰਨਾ ਜਨਤਾ ਤਕ ਪਹੁੰਚਾਉਣਾ ਹੈ। ਯੂਨੀਵਰਸਿਟੀ ਦੇ ਜਿਨ੍ਹਾਂ ਅਧਿਆਪਕਾਂ ਤੇ ਕਰਮਚਾਰੀਆਂ ਨੇ ਇਸ ਕੰਮ ਵਿਚ ਹੱਥ ਵਟਾਇਆ ਹੈ, ਮੈਂ ਉਨ੍ਹਾਂ ਦਾ ਧੰਨਵਾਦੀ ਹਾਂ। ਨਾਲ ਹੀ ਆਸ ਕਰਦਾ ਹਾਂ ਕਿ ਜਿਸ ਮਨੋਰਥ ਨੂੰ ਮੁੱਖ ਰਖ ਕੇ ਇਹ ਵਿਉਂਤ ਬਣਾਈ ਗਈ ਹੈ ਉਸ ਦੀ ਸਫਲਤਾ ਵਿਚ ਇਹ ਜ਼ਰੂਰ ਹਿੱਸਾ ਪਾਵੇਗੀ।

ਬਾਰਾਦਰੀ ਪੈਲਿਸ,  
ਪਟਿਆਲਾ  
ਸਤੰਬਰ ੧੫, ੧੯੬੫

**ਕ੍ਰਿਪਾਲ ਸਿੰਘ ਨਾਰੰਗ**  
ਵਾਈਸ-ਚਾਂਸਲਰ

# ਆਰੰਭਕ ਬਚਨ

'ਸੀ-ਹਰਫ਼ੀਆਂ ਹਰੀ ਸਿੰਘ ਨਲਵਾ' ਨਵੇਂ ਰੂਪ ਵਿਚ ਪਾਠਕਾਂ ਦੀ ਭੇਟਾ ਕਰਦੇ ਹੋਏ ਮੈਨੂੰ ਬੜੀ ਪ੍ਰਸੰਨਤਾ ਹੋ ਰਹੀ ਹੈ। ਇਕ ਤਾਂ ਇਸ ਕਰਕੇ ਕਿ ਇਹ ਸੀ-ਹਰਫ਼ੀਆਂ ਬਿਲਕੁਲ ਹੀ ਦੁਰਲਭ ਹੋ ਚੁੱਕੀਆਂ ਸਨ ਅਤੇ ਕਿਸੇ ਮੁੱਲ ਤੇ ਭੀ ਕਿਧਰੋਂ ਪ੍ਰਾਪਤ ਨਹੀਂ ਸਨ ਹੋ ਰਹੀਆਂ ਦੂਸਰੇ ਇਸ ਕਰਕੇ ਕਿ ਹੁਣ, ਜਦ ਕਿ ਜੰਗ ਦਾ ਨਗਾਰਾ ਵਜ ਗਿਆ ਹੈ, ਇਹ ਸੀ-ਹਰਫ਼ੀਆਂ ਦੇਸ਼ ਦੇ ਜਵਾਨਾਂ ਦੇ ਦਿਲਾਂ ਨੂੰ ਹੁਲਾਰਾ ਦੇਣ ਦਾ ਕੰਮ ਕਰਨਗੀਆਂ।

ਪੰਜਾਬ ਸੂਰਬੀਰਾਂ ਦੀ ਧਰਤੀ ਹੈ। ਇਤਿਹਾਸ ਦੇ ਪੰਨੇ ਗਵਾਹ ਹਨ ਕਿ ਪ੍ਰਾਚੀਨ ਸਮਿਆਂ ਤੋਂ ਜਦ ਕਦੇ ਭੀ ਲਹਿੰਦੇ ਦੇ ਜਰਵਾਣਿਆਂ ਨੇ ਹਿੰਦੁਸਤਾਨ ਵਲ ਕੈਰੀ ਅੱਖ ਨਾਲ ਵੇਖਿਆ ਅਤੇ ਇਧਰ ਨੂੰ ਚੜ੍ਹਾਈ ਲਈ ਧਾਈ ਕੀਤੀ, ਪੰਜਾਬ ਦੇ ਸੂਰਬੀਰ ਛਾਤੀਆਂ ਤਾਣ ਕੇ ਅੱਗੇ ਆ ਖੜੋਤੇ ਅਤੇ ਬੜੇ ਬੜੇ ਮਾਰ-ਖੋਰੇ ਜਾਬਰਾਂ ਦੇ ਦੰਦ ਖੱਟੇ ਕਰ ਦਿੱਤੇ ਅਤੇ ਮੂੰਹ ਭੁਆ ਦਿੱਤੇ।

ਯੂਨਾਨ ਦੇ ਸੰਸਾਰ-ਜੇਤੂ ਬਾਦਸ਼ਾਹ ਸਿਕੰਦਰ ਨੇ ਰੂਮ ਅਤੇ ਸ਼ਾਮ ਵਰਗੇ ਦੇਸ਼ ਮਰੋੜ ਛੱਡੇ ਸਨ, ਇਰਾਕ ਅਤੇ ਈਰਾਨ ਦੀਆਂ ਗੋਡਣੀਆਂ ਲੁਆ ਦਿੱਤੀਆਂ ਸਨ ਅਤੇ ਅਫ਼ਗਾਨਿਸਤਾਨ ਪੈਰਾਂ ਹੇਠ ਦਰੜ ਦਿੱਤਾ ਸੀ। ਪਰ ਸਨ ੩੨੬ ਈ. ਪੂ. ਵਿਚ ਜਦ ਹਿੰਦੁਸਤਾਨ ਵਿਚ ਉਸ ਦਾ ਟਾਕਰਾ ਮਾਝੇ ਅਤੇ ਚੜ੍ਹਦੇ ਪੰਜਾਬ ਦੇ ਕੱਠ ਸੂਰਬੀਰਾਂ ਨਾਲ ਹੋਇਆ ਤਾਂ ਉਸ ਦੇ ਬੜੇ ਬੜੇ ਸੂਰਮੇ ਭੀ ਤ੍ਰਾਹ ਤ੍ਰਾਹ ਕਰ ਉੱਠੇ। ਆਪਣੇ ਦੇਸ਼ ਦੀ ਪਵਿੱਤਰ ਭੂਮੀ ਦੇ ਚੱਪੇ ਚੱਪੇ ਲਈ ਪੰਜਾਬੀਆਂ ਨੇ ਵੈਰੀ ਨਾਲ ਲੋਹਾ ਲਿਆ ਅਤੇ ਉਹ ਖੰਡ ਖੜਕਾਇਆ ਕਿ ਯੂਨਾਨੀਆਂ ਦੇ ਦਿਲ ਦਹਿਲ ਗਏ ਅਤੇ ਉਨ੍ਹਾਂ ਦੇ ਪੈਰਾਂ ਨੇ ਅੱਗੇ ਵਧਣੋਂ ਨਾਂਹ ਕਰ ਦਿੱਤੀ।

ਜਿਉਂ ਜਿਉਂ ਯੂਨਾਨੀ ਅੱਗੇ ਨੂੰ ਵਧਦੇ ਦਿਸਦੇ, ਪੰਜਾਬੀਆਂ ਵਲੋਂ ਟਾਕਰਾ ਹੋਰ ਜ਼ਿਆਦਾ ਸਖ਼ਤ ਅਤੇ ਖ਼ੂੰਖਾਰ ਹੋ ਜਾਂਦਾ। ਉਨ੍ਹਾਂ ਨੂੰ ਦੂਣਾ ਰੋਹ ਚੜ੍ਹਦਾ ਅਤੇ ਉਹ ਹੋਰ ਜ਼ਿਆਦਾ ਝੁੰਜਲਾ ਕੇ ਯੂਨਾਨੀਆਂ ਦੇ ਗਲ ਜਾ ਪੈਂਦੇ। ਇਸ ਨਾਲ ਯੂਨਾਨੀਆਂ ਦੇ ਹੌਸਲੇ ਉੱਕੇ ਹੀ ਹਾਰ ਗਏ। ਬਿਆਸਾ ਨਦੀ ਦੇ ਕੰਢੇ ਤੇ ਤਾਂ ਉਹ ਬਿਲਕੁਲ ਹੀ ਬੌਂਹਕ ਗਏ ਅਤੇ ਉਨ੍ਹਾ ਦੀਆਂ ਢੇਰੀਆਂ ਢਹਿ ਗਈਆਂ। ਪੰਜਾਬੀਆਂ ਦੀਆਂ ਬਿਜਲੀ ਵਾਂਙ ਲਿਸ਼ਕਦੀਆਂ ਮਾਰੂ ਤਲਵਾਰਾਂ, ਛਾਤੀਆਂ ਚੀਰਵੇਂ ਨੇਜ਼ਿਆਂ ਅਤੇ ਭੱਲਿਆਂ, ਅਤੇ ਸੈ-ਅਸਮਾਨਾਂ ਨੂੰ ਕੰਬਾ ਦੇਣ ਵਾਲੇ ਜੈਕਾਰਿਆਂ ਨੇ ਯੂਨਾਨੀਆਂ ਨੂੰ ਅਜਿਹਾ ਭੈ ਭੀਤ ਕੀਤਾ ਕਿ ਉਹ ਖੜੱਪੇ ਸੱਪ ਤੋਂ ਤ੍ਰਾਹੇ ਹੋਏ ਵਹਿੜਕੇ ਵਾਂਙ ਦਿਲ ਛੱਡ ਬੈਠੇ ਅਤੇ ਪਿੱਛੇ ਨੂੰ ਭੱਜ ਨੱਠਣ ਵਾਲੇ ਹੋ ਗਏ। ਸਾਰੇ ਸੰਸਾਰ ਨੂੰ ਜਿੱਤ ਲੈਣ ਦੀਆਂ ਸਿਕੰਦਰ ਦੀਆਂ ਆਸਾਂ ਉੱਤੇ ਪਾਣੀ ਫਿਰ ਗਿਆ ਅਤੇ ਉਸ ਦੇ ਸੁਫਨੇ ਇਕ ਪਲ ਵਿਚ ਮਿੱਟੀ ਵਿਚ ਮਿਲ ਗਏ। ਉਸ ਨੇ ਆਪਣੇ ਸੂਰਮਿਆਂ ਨੂੰ ਬਥੇਰੀਆਂ

ਦਲੇਰੀਆਂ ਦਿੱਤੀਆਂ ਪਰ ਪੰਜਾਬੀਆਂ ਦੇ ਖੜਕਦੇ ਖੰਡੇ ਦੇ ਸਾਹਮਮਣੇ ਖੜੌਣ ਦਾ ਉਨ੍ਹਾਂ ਨੂੰ ਹੀਆ ਨਾ ਪਿਆ। ਅੱਧਾ ਪੰਜਾਬ ਅਗੇ ਹੋਰ ਪਿਆ ਸੀ। ਪਿਛਲਾ ਤਜਰਬਾ ਹੀ ਯੂਨਾਨੀਆਂ ਨੂੰ ਇਤਨਾ ਮਹਿੰਗਾ ਅਤੇ ਕੌੜਾ ਹੋਇਆ ਸੀ ਕਿਹਾ ਹੋਰ ਨਵਾਂ ਤਜਰਬਾ ਕਰਨ ਨੂੰ ਉਹ ਤਿਆਰ ਨਾ ਕੀਤੇ ਜਾ ਸਕੇ। ਨੇਜ਼ਿਆਂ, ਭੱਲਿਆਂ ਅਤੇ ਭਗੌਤੀਆਂ ਨਾਲ ਹਥਿਆਰ-ਬੰਦ ਪੰਜਾਬੀ ਯੂਨਾਨੀਆਂ ਨੂੰ ਮੌਤ ਦੇ ਫ਼ਰਿਸ਼ਤਿਆਂ ਵਾਂਗ ਜਾਪਣ ਲਗ ਪਏ, ਅਤੇ ਉਨ੍ਹਾਂ ਨੂੰ ਮੁੜ ਮੁੜ ਕੇ ਆਪਣੇ ਘਰ, ਮਾਂ, ਪਿਓ, ਭੈਣਾਂ, ਇਸਤਰੀਆਂ ਅਤੇ ਬੱਚੇ ਯਾਦ ਔਣ ਲਗ ਪਏ, ਅਤੇ ਉਨ੍ਹਾਂ ਨੇ ਸਿਕੰਦਰ ਨੂੰ ਮੁੜ ਯੂਨਾਨ ਵਲ ਨੂੰ ਪਰਤ ਜਾਣ ਪਰ ਮਜਬੂਰ ਕਰ ਦਿੱਤਾ। ਪਰ ਤਾਂ ਭੀ ਪੰਜਾਬੀਆਂ ਨੇ ਉਨ੍ਹਾਂ ਦਾ ਖਹਿੜਾ ਨਾ ਛੱਡਿਆ। ਰਾਵੀ ਅਤੇ ਝਨਾਂ ਦੇ ਸੰਗਮ ਦੇ ਲਾਗੇ ਓਦੋਂ ਮਲੋਈ ਲੋਕ ਵਸਦੇ ਸਨ। ਉਨ੍ਹਾਂ ਨੇ ਮੁੜਦੀ ਯੂਨਾਨੀ ਫ਼ੌਜ ਉੱਤੇ ਛਾਪੇ ਮਾਰ ਕੇ ਉਸ ਨੂੰ ਬਿਹਾਲ ਕਰ ਦਿੱਤਾ। ਮੁਲਤਾਨ ਤੋਂ ਉੱਤਰ-ਚੜ੍ਹਦੇ ਨੂੰ ਚਾਲੀ ਕੁ ਮੀਲ ਦੀ ਵਿਥ ਉੱਤੇ ਉਨ੍ਹਾਂ ਨਾਲ ਹੋਏ ਇਕ ਟਾਕਰੇ ਵਿਚ ਖ਼ੁਦ ਸਿਕੰਦਰ ਬਾਦਸ਼ਾਹ ਦੀ ਛਾਤੀ ਵਿਚ ਇਕ ਤੀਰ ਵੱਜਣ ਨਾਲ ਉਹ ਜ਼ਖ਼ਮੀ ਅਤੇ ਬੇਹੋਸ਼ ਹੋ ਗਿਆ। ਸਿੰਧ ਦਰਿਆ ਪਾਰ ਕਰ ਕੇ ਸਿਕੰਦਰ ਸਿੱਧਾ ਯੂਨਾਨ ਦੇ ਰਾਹੇ ਪੈ ਗਿਆ ਪਰ ਰਸਤੇ ਵਿਚ ਹੀ ਸਨ ੩੨੩ ਈ. ਪੂ. ਵਿਚ ਬਾਬਲ ਦੇ ਅਸਥਾਨ ਤੇ ਉਸ ਦਾ ਦੇਹਾਂਤ ਹੋ ਗਿਆ।

ਸਿਕਦਰ ਪੰਜਾਬ ਵਿਚ ਕੋਈ ਪੱਕਾ ਰਾਜ ਕਾਇਮ ਨਹੀਂ ਸੀ ਕਰ ਸਕਿਆ। ਉਸ ਦੇ ਮੂੰਹ ਮੋੜਦੇ ਸਾਰ ਹੀ ਇੱਥੇ ਹੱਲਾ ਗੁੱਲਾ ਮਚ ਗਿਆ ਅਤੇ ਉਸ ਦੀ ਮੌਤ ਦੇ ਛੇਤੀ ਹੀ ਪਿਛੋਂ ਚੰਦਰ-ਗੁਪਤ (੩੨੪-੩੦੦ ਈ. ਪ.) ਨੇ ਪੰਜਾਬ ਵਿਚੋਂ ਯੂਨਾਨੀਆਂ ਦੀ ਬਹੁਤ ਹਦ ਤਕ ਸਫ਼ਾ ਹੀ ਵਲੇਟ ਛੱਡੀ। ਸਨ ੩੦੫ ਈ.ਪੂ. ਵਿਚ ਜਦ ਸੀਰੀਆ ਦੇ ਬਾਦਸ਼ਾਹ ਸਿਲੂਕਸ ਨਿਕਤੌਰ ਨੇ ਪੰਜਾਬ ਉੱਤੇ ਧਾਵਾ ਕੀਤਾ ਤਾਂ ਉਸ ਨੂੰ ਲੈਣੇ ਦੇ ਦੇਣੇ ਪੈ ਗਏ ਅਤੇ ਉਸ ਨੇ ਸਿੰਧ ਤੋਂ ਚੜ੍ਹਦੇ ਪਾਰ ਦਾ ਇਲਾਕਾ ਅਤੇ ਆਪਣੀ ਧੀ ਦਾ ਡੋਲਾ ਦੇ ਕੇ ਪਿੱਛਾ ਛੁਡਾਇਆ।

ਸਮੇਂ ਦੇ ਗੇੜ ਨਾਲ ਕੁਝ ਚਿਰ ਲਈ ਲਹਿੰਦੇ ਪਾਸੇ ਕੁਸ਼ਾਨ (ਯੂਇ-ਚੀ) ਲੋਕਾਂ ਦਾ ਪੱਲਾ ਭਾਰੀ ਹੋ ਗਿਆ। ਅਸਲ ਵਿਚ ਗੱਲ ਇਹ ਹੈ ਕਿ ਸਿੰਧ-ਸਾਗਰ ਅਤੇ ਚੱਜ-ਦੁਆਬ ਦੇ ਬਹੁਤੇ ਲੋਕਾਂ ਦਾ ਅੱਗਾ ਤਾਂ ਭਾਵੇਂ ਸੇਰਾਂ ਵਾਲਾ ਹੁੰਦਾ ਹੈ ਪਰ ਪਿੱਛਾ ਗਿਦੜਾਂ ਵਾਲਾ ਭੀ ਨਹੀਂ। ਜਿਸ ਜ਼ੋਰ ਸ਼ੋਰ ਨਾਲ ਇਹ ਪਹਿਲ ਕਰਦੇ ਹਨ, ਜਦ ਕੋਈ ਡਾਢਾ ਅੱਗਿਉਂ ਟੱਕਰ ਜਾਏ ਤਾਂ ਉਸ ਤੋਂ ਭੀ ਵਧ ਤੇਜ਼ੀ ਨਾਲ ਇਹ ਪਿਛਾਂਹ ਨੂੰ ਭਜਦੇ ਹਨ। ਇਸੇ ਕਰਕੇ ਹੀ ਪਾਰ ਲਹਿੰਦੇ ਦੇ ਜਰਵਾਣੇ ਇਸ ਇਲਾਕੇ ਵਿਚ ਛੇਤੀ ਸਫਲ ਹੋ ਜਾਂਦੇ ਸਨ ਅਤੇ ਉਨ੍ਹਾਂ ਦਾ ਅੱਗੇ ਨੂੰ ਵਧਣਾ ਸੌਖਾ ਹੋ ਜਾਂਦਾ ਸੀ। ਪਰ ਚੜ੍ਹਦੇ ਦੇ ਲੋਕ ਪਹਿਲ ਕਰਨ ਵਿਚ ਤਾਂ ਭਾਵੇਂ ਮੱਠੇ ਹੋਣ, ਪਰ ਜਦ ਰੋਹ ਚੜ੍ਹ ਜਾਏ ਅਤੇ ਆਪਣੀ ਆਈ ਤੇ ਆ ਜਾਣ ਤਾਂ ਖ਼ੂੰਖ਼ਾਰ ਬਬਰਾਂ ਵਾਂਗੂ ਵੈਰੀ ਉੱਪਰ ਟੁਟ ਟੁਟ ਪੈਂਦੇ ਹਨ ਅਤੇ ਉਤਨੀ ਦੇਰ ਤਕ ਮਗਰੋਂ ਨਹੀਂ ਲਹਿੰਦੇ ਜਿਤਨੀ ਦੇਰ ਕਿ ਸ਼ਿਕਾਰ ਨੂੰ ਮਾਰ ਨਾ ਲੈਣ। ਕੁਸ਼ਾਨ (ਯੂਇ-ਚੀ) ਲੋਕ ਪਿਸ਼ਾਵਰ ਦੇ ਇਲਾਕੇ ਵਿਚ ਤਾਂ ਭਾਵੇਂ ੪੬੫ ਈ: ਤਕ ਟਿਕੇ ਰਹੇ ਜਦ ਕਿ ਗੋਰੇ ਹੂਣਾਂ ਨੇ ਉਨ੍ਹਾਂ ਨੂੰ ਮਾਰੂ ਧੱਕਾ ਮਾਰਿਆ, ਪਰ ਪੰਜਾਬ ਵਿਚ ਉਨ੍ਹਾਂ ਦਾ ਪੱਕੀਂ ਪੈਰੀਂ ਟਿਕ ਸਕਣਾ ਔਖਾ ਹੋ ਗਿਆ ਅਤੇ ਹਿਲੇ ਵਾਸੁਦੇਵ (੧੪੫-੧੭੬) ਦੇ ਮਗਰੋਂ ਉਨ੍ਹਾਂ ਦੀ ਹਾਲਤ ਪਤਲੀ ਪੈਣੀ ਸ਼ੁਰੂ ਹੋ ਗਈ ਅਤੇ ਮਦਰ, ਕੁਣਿੰਦ, ਕੁਲੂਤ ਅਤੇ

ਯੌਧੇਇ ਲੋਕਾਂ ਨੇ ਛੇਤੀ ਹੀ ਸਿਰ ਚੁਕ ਲਏ ਅਤੇ ਥਾਂਓਂ ਥਾਈਂ ਸੁਤੰਤਰ ਰਾਜ ਖੜੇ ਕਰ ਲਏ। ਬਹੁਤ ਸਾਰੇ ਵਿਦਵਾਨ ਇਸ ਗੱਲ ਵਿਚ ਸਹਿਮਤ ਹਨ ਕਿ ਪੰਜਾਬ ਵਿਚੋਂ ਕੁਸ਼ਾਨ ਰਾਜ ਨੂੰ ਖਤਮ ਕਰਨ ਦਾ ਸਿਹਰਾ ਯੌਧੇਇ ਲੋਕਾਂ ਦੇ ਸਿਰ ਹੈ। ਯੌਧੇਆਂ ਦਾ ਇਲਾਕਾ ਸਤਲੁੱਜ ਦੇ ਦੱਖਣ ਨੂੰ ਹਰਿਆਣੇ ਤਕ ਸੀ ਅਤੇ ਇਨ੍ਹਾਂ ਦੀ ਰਾਜਧਾਨੀ ਸੁਨੇਤਕ (ਲੁਧਿਆਣੇ ਦੇ ਲਾਗੇ ਸੁਨੇਤ) ਵਿਚ ਸੀ ਅਤੇ ਇਨ੍ਹਾਂ ਦੇ ਜਾਰੀ ਕੀਤੇ ਸਿੱਕਿਆਂ ਉੱਤੇ ਜੁਧ ਦੇ ਦੇਵਤਾ ਕਾਰਤਿਕੇਇ ਦੀ ਮੂਰਤੀ ਸੀ। ਇਨ੍ਹਾਂ ਸੂਰਬੀਰਾਂ ਦੇ ਜੁਧ ਦੇ ਮੈਦਾਨ ਵਿਚ ਬਹਾਦਰੀ ਦੇ ਗੁਣ ਕਰਕੇ ਯੌਧੇਇ ਸ਼ਬਦ ਦੇ ਅਰਥ ਹੀ ਜੁਧ ਜੰਗ ਦੇ ਪਿਆਰੇ, ਨਿਡਰ ਸੂਰਬੀਰ ਅਤੇ ਬਹਾਦਰ ਹੋ ਗਿਆ।

ਪੰਜਾਬੀਆਂ ਦੀ ਸੂਰਮਗਤੀ ਅਤੇ ਦੇਸ਼ ਦੀ ਆਜ਼ਾਦੀ ਨੂੰ ਬਚਾਉਣ ਲਈ ਉਨ੍ਹਾਂ ਦੇ ਜਾਨਾਂ ਹੂਲ ਕੇ ਮੁਕਾਬਲਾ ਕਰਨ ਦੀ ਦਲੇਰੀ ਦਾ ਹੀ ਭੇ ਸੀ ਕਿ ਲਹਿੰਦੇ ਦੇ ਨਵੇਂ ਮੁਸਲਮਾਨ ਬਹਾਦੁਰ ਸੌਖੇ ਹੀ ਆਪਣਾ ਰਾਜ ਹਿੰਦੁਸਤਾਨ ਵਿਚ ਕਾਇਮ ਕਰ ਸਕਣ ਵਿਚ ਛੇਤੀ ਸਫਲ ਨਾ ਹੋ ਸਕੇ। ਉਹ ਇਸਲਾਮੀ ਮੁਜਾਹਿਦ (ਧਾਰਮਕ ਜੋਧੇ) ਜੋ ਹਜ਼ਰਤ ਮੁਹੰਮਦ ਸਾਹਿਬ ਦੇ ਦੇਹਾਂਤ ਤੋਂ ਬਾਦ ਅੱਸੀਆਂ ਵਰ੍ਹਿਆਂ ਵਿਚ ਲਹਿੰਦੇ ਏਸ਼ੀਆ ਅਤੇ ਯੂਰਪ ਨੂੰ ਲਤਾੜਦੇ ਹੋਏ ਧੁਰ ਸਪੇਨ ਤਕ ਜਾ ਪੁੱਜੇ ਸਨ, ਮੁਹੰਮਦ-ਬਿਨ-ਕਾਸਿਮ ਦੇ ਹੱਲੇ (ਸਨ ੭੧੧ ਈ.) ਤੋਂ ਸਬੁਕਤਗੀਨ (੯੭੬-/੯੯੭ ਈ.) ਦੇ ਸਮੇਂ ਤਕ ਪੌਣੇ ਤਿੰਨ ਸੌ ਸਾਲ ਪੰਜਾਬ ਵਲ ਨਾ ਵਧ ਸਕੇ। ਇਸ ਤੋਂ ਬਾਦ ਗ਼ਜ਼ਨਵੀਆਂ ਅਤੇ ਗੌਰੀਆਂ ਨੂੰ ਕੁਝ ਕੁ ਸਫਲਤਾ ਇਸ ਕਰਕੇ ਹੋ ਗਈ ਕਿ ਇਹ ਸਿੰਧੋਂ ਪਾਰ ਦੇ ਵਸਨੀਕ ਸਨ ਅਤੇ ਇਸ ਪਾਰ ਦੇ ਲਾਗੇ ਦੇ ਲੋਕਾਂ ਪਰ ਲੁਟ ਮਾਰ ਨਾਲ ਇਨ੍ਹਾਂ ਨੇ ਸਹਿਮ ਬਠਾ ਦਿੱਤਾ ਹੋਇਆ ਸੀ। ਕੁਝ ਕੁ ਲੋਕਾਂ ਨਾਲ ਇਨ੍ਹਾਂ ਨੇ ਭਾਈਚਾਰਾ ਭੀ ਗੰਢ ਲਿਆ ਸੀ ਅਤੇ ਉਨ੍ਹਾਂ ਦੀ ਸਹਾਇਤਾ ਨਾਲ ਇਹ ਅੱਗੇ ਨਿਕਲ ਆਉਂਦੇ ਸਨ। ਗ਼ੁਲਾਮ, ਖ਼ਲਜੀ, ਤੁਗ਼ਲਕ, ਸਯੱਦ ਅਤੇ ਲੋਧੀ ਖ਼ਾਨਦਾਨਾਂ ਦੇ ਸਮੇਂ ਕਾਫ਼ੀ ਲੋਕ ਮੁਸਲਮਾਨ ਹੋ ਗਏ ਅਤੇ ਮੁਸਲਮ ਰਾਜ ਦੇ ਪੱਖੀ ਬਣ ਗਏ। ਜਿਸ ਨਾਲ ਲੋਧੀਆਂ ਤੋਂ ਬਾਦ ਮੁਗ਼ਲਾਂ ਨੂੰ ਅਪਣਾ ਰਾਜ ਕਾਇਮ ਕਰਨ ਵਿਚ ਕੋਈ ਬਹੁਤਾ ਔਖ ਨਾ ਹੋਇਆ।

ਪਰ ਪੰਜਾਬ ਦੀ ਨਿਤਾਣੀ ਅਤੇ ਨਿਮਾਣੀ ਹੋ ਚੁਕੀ ਜਨਤਾ ਅਤੇ ਨਿਰਬਲ ਇਸਤਰੀਆਂ ਉੱਤੇ ਮੁਗ਼ਲਾਂ ਦੀਆਂ ਧਾੜਾਂ ਦੇ ਅਕਹਿ ਅਤੇ ਅਸਹਿ ਅੱਤਿਆਚਾਰਾਂ ਅਤੇ ਦੁਖੀਆਂ ਦੀ ਕੁਰਲਾਟ ਨੇ ਪੰਜਾਬ ਦੇ ਕਰਾਂਤੀਕਾਰੀ ਸੰਤ ਗੁਰੂ ਨਾਨਕ ਦੇ ਮਨ ਉੱਤੇ ਅਜਿਹਾ ਡੂੰਘਾ ਅਸਰ ਕੀਤਾ ਕਿ ਉਹ ਜਨਤਾ ਦੀ ਅਵਾਜ਼ ਬਣ ਕੇ ਬੋਲ ਉੱਠੇ :

> ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ।
> ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ।
> ਕਾਜੀਆ ਬਾਮਣਾ ਕੀ ਗਲਿ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ।
>
> (ਤਿਲਗ, ਮ. ੧)

ਦੇਸ਼ ਦੀਆਂ ਅਬਲਾ ਇਸਤਰੀਆਂ ਦੀ ਜਰਵਾਣਿਆਂ ਹੱਥੋਂ ਹੁੰਦੀ ਦੁਰਦਸ਼ਾ ਦਾ ਹਾਲ

ਆਪ ਨੇ ਇਸ ਤਰ੍ਹਾਂ ਬਿਆਨ ਕੀਤਾ ਕਿ :

ਜਿਨ੍ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ।
ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ ।
ਮਹਲਾ ਅੰਦਰਿ ਹੋਦੀਆ ਹੁਣਿ ਬਹਿਣ ਨ ਮਿਲਨਿ ਹਦੂਰਿ ।...
ਗਰੀ ਛੁਹਾਰੇ ਖਾਂਦੀਆ ਮਾਣਨਿ ਸੇਜੜੀਆ ।
ਤਿਨ੍ ਗਲ ਸਿਲਕਾ ਪਾਈਆ ਤੁਟਨਿ ਮੋਤਸਰੀਆ ।੩।
ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ਹੀ ਰਖੇ ਰੰਗੁ ਲਾਇ ।
ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ।...੪।...
ਬਾਬਰ ਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ।੫।

(ਆਸਾ ਮਹਲਾ ੧)

ਮੁਗ਼ਲਾਂ ਦੀ ਇਹ ਅੱਤ ਦੇਖ ਕੇ ਗੁਰੂ ਨਾਨਕ ਸੰਸਾਰ ਦੇ ਖ਼ਾਲਕ, ਸਭਨਾਂ ਦੇ ਸਾਈਂ, ਰੱਬ ਨੂੰ ਭੀ ਇਕ ਨਿਹੋਰਾ ਮਾਰਦੇ ਹਨ :

ਕਰਤਾ ਤੂੰ ਸਭਨਾ ਕਾ ਸੋਈ ।
ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ।੧।
ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ।

(ਆਸਾ ਮ. ੧)

ਸੰਸਾਰ ਦੇ ਇਤਿਹਾਸ ਵਿਚ ਇਹ ਅਨੋਖੀ ਗੱਲ ਹੈ ਕਿ ਕਿਸੇ ਸਰਬ-ਸਾਂਝੇ ਧਾਰਮਿਕ ਆਗੂ ਨੇ ਨਿਜ ਦੇਸ਼ ਵਾਸੀਆਂ ਦੇ ਦੁਖੜਿਆਂ ਨੂੰ ਮਹਿਸੂਸ ਕਰ ਕੇ ਅੱਤਿਆਚਾਰੀ ਵੈਰੀਆਂ ਦੇ ਵਿਰੁਧ ਇਸ ਤਰ੍ਹਾਂ ਖੁਲ੍ਹ ਕੇ ਅਜਿਹੀ ਉੱਚੀ ਅਵਾਜ਼ ਉਠਾਈ ਹੋਵੇ ਅਤੇ ਲੋਕਾਂ ਦੇ ਦਿਲਾਂ ਨੂੰ ਉਭਾਰਿਆ ਹੋਵੇ ।

ਸੁਮੇਰ ਪਰਬਤ ਉੱਤੇ ਜਦ ਗੁਰੂ ਨਾਨਕ ਦੀ ਸਿੱਧਾਂ ਨਾਲ ਗੋਸ਼ਟਿ ਹੋਈ ਅਤੇ ਸਿੱਧਾਂ ਨੇ ਸਵਾਲ ਕੀਤਾ ਕਿ 'ਨਾਨਕਾ, ਮਾਤ ਲੋਕ ਵਿਚ ਕਯਾ ਵਰਤਾਰਾ ?' ਤਾਂ ਆਪ ਨੇ ਉੱਤਰ ਦਿੱਤਾ ਕਿ ਹਿੰਦੁਸਤਾਨ ਦੇ ਸੰਸਾਰ ਵਿਚ ਅੰਧੇਰਾ ਅਤੇ ਪਾਪ ਮਚਿਆ ਹੋਇਆ ਹੈ, ਅਤਿਆਚਾਰ ਦੇ ਲਤਾੜੇ ਹੋਏ ਲੋਕ ਚੀਕ ਪੁਕਾਰ ਕਰ ਰਹੇ ਹਨ, ਕੋਈ ਉਨ੍ਹਾਂ ਦੀ ਸੁਣਦਾ ਨਹੀਂ । ਆਗੂ ਕਹਾਉਣ ਵਾਲੇ ਸਿੱਧ ਲੋਕ ਪਹਾੜਾਂ ਵਿਚ ਲੁਕ ਬੈਠੇ ਹਨ, ਅਸਲੀ ਗਿਆਨ ਅਤੇ ਤਿਆਗ ਤੋਂ ਵਿਹੂਣੇ ਜੋਗੀ ਲੋਕ ਦਿਨ ਰਾਤ ਸਿਰ ਅਤੇ ਪਿੰਡੇ ਉਤੇ ਸੁਆਹ ਮਲਨ ਵਿਚ ਲੱਗੇ ਰਹਿੰਦੇ ਹਨ । ਸੰਸਾਰ ਸੱਚੇ ਆਗੂ ਬਿਨਾ ਡੁਬ ਰਿਹਾ ਹੈ (ਦੇਖੋ ਭਾਈ ਗੁਰਦਾਸ ਵਾਰ ੧, ੨੯) ।

ਇਸ ਤਰ੍ਹਾਂ ਗੁਰੂ ਨਾਨਕ ਨੇ ਦੇਸ਼ ਦੀ ਦੁਰਦਸ਼ਾ ਨੂੰ ਮਹਿਸੂਸ ਕੀਤਾ ਅਤੇ ਆਪਣੇ ਬਚਨਾਂ ਅਤੇ ਮਨੋਹਰ ਕੀਰਤਨ ਨਾਲ ਲੋਕਾਂ ਵਿਚ ਜਾਗਰਤ ਪੈਦਾ ਕਰ ਦਿੱਤੀ । ਦੂਸਰੇ ਗੁਰੂ ਸਾਹਿਬਾਨ ਨੇ ਇਨ੍ਹਾਂ ਪੂਰਨਿਆਂ ਉਤੇ ਚਲਦੇ ਹੋਏ ਲੋਕਾਂ ਨੂੰ ਇਕ-ਮੁੱਠ ਅਤੇ ਇਕ-ਜਾਨ ਕਰਨ ਦਾ ਜਤਨ ਕੀਤਾ । ਗੁਰੂ ਹਰਿਗੋਬਿੰਦ ਨੇ ਪੰਜਾਬ ਦੇ ਲੋਕਾਂ ਵਿਚ ਜੰਗੀ ਸਪਿਰਿਟ ਭਰੀ ਅਤੇ ਗੁਰੂ ਗੋਬਿੰਦ ਸਿੰਘ ਨੇ ਮੁਗ਼ਲ ਰਾਜ ਨਾਲ ਸਿੱਧੀ ਟੱਕਰ ਲੈ ਕੇ ਜਨਤਾ ਦੇ ਹੌਸਲੇ ਇਸ ਤਰਾਂ ਵਧਾ ਦਿੱਤੇ ਕਿ ਬਾਬਾ ਬੰਦਾ ਸਿੰਘ ਬਹਾਦੁਰ ਦੀ ਅਗਵਾਈ ਵਿਚ ਖਾਲਸੇ ਨੇ ਇਕ

ਹੱਲਾ ਮਾਰ ਕੇ ਚੜ੍ਹਦੇ ਪੰਜਾਬ ਦਾ ਬਹੁਤ ਸਾਰਾ ਹਿੱਸਾ ਮੁਗਲਾਂ ਦੇ ਜੂਲੇ ਹੇਠੋਂ ਆਜ਼ਾਦ ਕਰਾ ਲਿਆ । ਬੰਦਾ ਸਿੰਘ ਦੀ ਸ਼ਹੀਦੀ ਤੋਂ ਬਾਦ ਖਾਲਸੇ ਨੂੰ ਕਈ ਵਰ੍ਹੇ ਸਖਤੀ ਅਤੇ ਅੱਤਿਆਚਾਰ ਦੀ ਭੱਠੀ ਵਿਚ ਦੀ ਲੰਘਣਾ ਪਿਆ । ਬਹਾਦੁਰ ਸ਼ਾਹ ਬਾਦਸ਼ਾਹ ਨੇ ਦਸੰਬਰ ਸੰਨ ੧੭੧੦ ਵਿਚ ਸਿੱਖਾਂ ਦੀ ਕਤਲਾਮ ਦੇ ਹੁਕਮ ਜਾਰੀ ਕਰ ਦਿੱਤੇ ਕਿ ਜਿੱਥੇ ਕਿਧਰੇ ਭੀ ਸਿੱਖ ਮਿਲ ਜਾਣ, ਮਾਰ ਦਿੱਤੇ ਜਾਣ । ਫ਼ਰਖ਼ਸੀਅਰ ਦੇ ਵੇਲੇ ਇਹ ਹੁਕਮ ਦੁਹਰਾਇਆ ਗਿਆ । ਪਰ ਕੀ ਮਜਾਲ ਕਿ ਸਿੰਘਾਂ ਨੇ ਹੌਸਲੇ ਹਾਰੇ ਹੋਣ । ਹਰ ਕਤਲਾਮ ਦੇ ਹੁਕਮ ਅਤੇ ਸਖਤੀ ਹੋਣ ਨਾਲ ਉਹ ਕੌੜੀ ਵੇਲ ਵਾਂਙ ਵਧਦੇ ਗਏ ਅਤੇ ਹੋਰ ਨਵੇਂ ਟਾਕਰੇ ਲਈ ਡਟ ਗਏ ।

ਸੰਨ ੧੭੩੯ ਵਿਚ ਦਿੱਲੀ ਨੂੰ ਲੁਟ ਪੁਟ ਕੇ ਕਰੋੜਾਂ ਦੀ ਦੌਲਤ ਅਤੇ ਮੁਹੰਮਦ ਸ਼ਾਹ ਬਾਦਸ਼ਾਹ ਦੀ ਧੀ ਦਾ ਡੋਲਾ ਲਈ ਜਦ ਨਾਦਰ ਸ਼ਾਹ ਬਾਦਸ਼ਾਹ ਈਰਾਨ ਨੂੰ ਮੁੜ ਰਿਹਾ ਸੀ ਤਾਂ ਸ਼ਿਵਾਲਕ ਦੀਆਂ ਪਹਾੜੀਆਂ ਵਿਚੋਂ ਨਿਕਲ ਕੇ ਸਿੰਘਾਂ ਨੇ ਉਸ ਉੱਤੇ ਧਾਵੇ ਮਾਰਨੇ ਆਰੰਭ ਕਰ ਦਿੱਤੇ ਅਤੇ ਈਰਾਨ ਨੂੰ ਲਿਜਾਈ ਜਾ ਰਹੀ ਹਿੰਦੁਸਤਾਨ ਦੀ ਦੌਲਤ ਦਾ ਕੁਝ ਹਿੱਸਾ ਬਚਾ ਲਿਆ । ਸਿੰਘਾਂ ਦੀ ਇਸ ਦਲੇਰੀ ਨੂੰ ਦੇਖ ਕੇ ਨਾਦਰ ਸ਼ਾਹ ਝੁੰਜਲਾ ਉੱਠਿਆ । ਪਰ ਉਹ ਕਰ ਕੁਝ ਨਾ ਸਕਿਆ । ਸਿੰਘ ਕਦੀ ਅੱਗੇ, ਕਦੀ ਪਿੱਛੇ ਅਤੇ ਕਦੀ ਵਿਚਕਾਰ ਛਾਪਾ ਜਾ ਮਾਰਦੇ ਅਤੇ ਈਰਾਨੀਆਂ ਦੇ ਸੁਚੇਤ ਹੋਣ ਤੋਂ ਪਹਿਲਾਂ ਹੀ ਚੁਗੀਆਂ ਭਰਦੇ ਖੱਡਾਂ ਵਲ ਨੂੰ ਨਿਕਲ ਜਾਂਦੇ ਅਤੇ ਨਾਦਰ ਸ਼ਾਹ ਵੇਖਦਾ ਹੀ ਰਹਿ ਜਾਂਦਾ । ਛਿੱਥੇ ਪਏ ਹੋਏ ਨਾਦਰ ਸ਼ਾਹ ਨੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਨ ਨੂੰ ਪੁੱਛਿਆ ਕਿ ਇਹ ਕੌਣ ਹਨ ਜਿਨ੍ਹਾਂ ਨੇ ਮੇਰਾ ਭੀ ਰਾਹ ਆ ਰੋਕਿਆ ਹੈ ਅਤੇ ਮੇਰੀ ਫੌਜ ਨੂੰ ਭੀ ਲੁਟ ਖਾਧਾ ਹੈ । ਮੈਂ ਈਰਾਨ ਨੂੰ ਕਾਬੂ ਕਰ ਲਿਆ, ਅਫਗਾਨਿਸਤਾਨ ਨੂੰ ਪੈਰਾਂ ਹੇਠ ਮਲ ਛੱਡਿਆ ਅਤੇ ਮੁਗਲ ਰਾਜ ਦੀ ਧੂੜ ਉੜਾ ਦਿੱਤੀ ਹੈ । ਮੈਨੂੰ ਇਨ੍ਹਾਂ ਦਾ ਥਾਂ ਟਿਕਾਣਾ ਦੱਸੋ ਤਾਂ ਕਿ ਮੈਂ ਇਨ੍ਹਾਂ ਦੀ ਸੁਆਹ ਉਡਾ ਦਿਆਂ ਅਤੇ ਇਨ੍ਹਾਂ ਦਾ ਨਾਉਂ ਨਿਸ਼ਾਨ ਮਿਟਾ ਦਿਆਂ । ਜ਼ਕਰੀਆਂ ਖਾਨ ਨੇ ਜਵਾਬ ਦਿੱਤਾ ਕਿ ਇਹ ਇਕ ਨਿਰਾਲੇ ਮਜ਼ਹਬ ਦੇ ਪੈਰੋਕਾਰ ਹਨ । ਜੰਗਲ ਇਨ੍ਹਾਂ ਦਾ ਮੁਲਕ ਹੈ ਅਤੇ ਘੋੜਿਆਂ ਦੀਆਂ ਕਾਠੀਆਂ ਇਨ੍ਹਾਂ ਦੇ ਘਰ । ਇਹ ਖੜੇ ਖੜੇ ਹੀ ਸੌਂਦੇ ਹਨ ਅਤੇ ਤੁਰੇ ਜਾਂਦੇ ਹੀ ਖਾਂਦੇ ਹਨ ਲੂਣ ਅਤੇ ਘਿਓ ਦਾ ਸੁਆਦ ਨਹੀਂ ਜਾਣਦੇ । ਨਾ ਹਾੜ ਨੂੰ ਪਾਣੀ ਟੋਲਦੇ ਹਨ ਅਤੇ ਨਾ ਸਿਆਲੇ ਨੂੰ ਸੇਕਣ ਲਈ ਅੱਗ । ਅਸੀਂ ਇਨ੍ਹਾਂ ਨੂੰ ਤਸੀਹੇ ਦੇ ਦੇ ਕੇ ਮਾਰਦੇ ਹਾਂ ਪਰ ਇਹ ਉਸ ਨੂੰ ਭੀ ਸੁਖ ਕਰਕੇ ਮੰਨਦੇ ਹਨ । ਇਹ ਇਕੱਲਾ ਇਕੱਲਾ ਸੌ ਸੌ ਨਾਲ ਲੜਨ ਨੂੰ ਤਿਆਰ ਹੋ ਜਾਂਦਾ ਹੈ ਅਤੇ ਇਹ ਮੌਤ ਤੋਂ ਉੱਕਾ ਹੀ ਨਹੀਂ ਡਰਦੇ । ਅਸੀਂ ਇਨ੍ਹਾਂ ਨੂੰ ਮਾਰ ਮਾਰ ਕੇ ਥੱਕ ਗਏ ਹਾਂ ਪਰ ਇਹ ਦਿਨ ਦੂਣੇ, ਰਾਤ ਚੌਗਣੇ ਹੁੰਦੇ ਜਾ ਰਹੇ ਹਨ...। ਇਹ ਸੁਣ ਕੇ ਨਾਦਰ ਸ਼ਾਹ ਮੁਸਕਰਾ ਪਿਆ ਅਤੇ ਕਹਿਣ ਲੱਗਾ 'ਤਾਂ ਫਿਰ ਇਨ੍ਹਾਂ ਤੋਂ ਡਰੋ । ਉਹ ਸਮਾਂ ਦੂਰ ਨਹੀਂ ਜਦ ਇਹ ਸਿਰ ਕਢਣਗੇ ਅਤੇ ਮੁਲਕ ਦੇ ਵਾਲੀ ਬਣ ਜਾਣਗੇ ।' ਜ਼ਕਰੀਆ ਖਾਨ ਅਤੇ ਉਸ ਦੇ ਪੁੱਤਰ ਯਾਹੀਆ ਖਾਨ ਦਾ ਜ਼ਮਾਨਾ ਪੰਜਾਬ ਦੇ ਇਤਿਹਾਸ ਵਿਚ ਬੜਾ ਬਿਖੜਾ ਅਤੇ ਅੱਤਿਆਚਾਰੀ ਸੀ ਜਦ ਕਿ ਹਜ਼ਾਰਾਂ ਦੀ ਗਿਣਤੀ ਵਿਚ ਸਿੰਘ ਪਿੰਡਾਂ ਵਿਚੋਂ ਫੜ ਕੇ ਲਾਹੌਰ ਘੋੜਾ-ਮੰਡੀ (ਬਾਜ਼ਾਰ ਨਖ਼ਾਸ) ਵਿਚ ਕਤਲ ਕਰ ਦਿੱਤੇ ਜਾਂਦੇ ਸਨ । ਇਸ ਸਭ ਕੁਝ ਦੇ ਹੁੰਦੇ ਹੋਏ ਭੀ ਕਈ ਵਾਰੀ ਇਕੱਲਾ ਇਕੱਲਾ ਸਿੰਘ ਮੁਗਲਾਂ ਦੇ ਵਿਰੁੱਧ ਡਟ

ਖੜੋਂਦਾ ਸੀ ਜਿਵੇਂ ਕਿ ਬੋਤਾ ਸਿੰਘ ਨੇ ਤਰਨ-ਤਾਰਨ ਦੇ ਲਾਗੇ ਸ਼ਾਹੀ ਸੜਕ ਦੇ ਉੱਤੇ ਲਾਹੌਰ ਦੀ ਸਰਕਾਰ ਨੂੰ ਆ ਲਲਕਾਰਿਆ ਅਤੇ ਖਾਨ ਬਹਾਦੁਰ ਜ਼ਕਰੀਆ ਖਾਨ ਨੂੰ ਚਿੱਠੀ ਲਿਖੀ ਕਿ ਤੂੰ ਮਤ ਸਮਝੀਂ ਕਿ ਸਿੰਘ ਖਤਮ ਕਰ ਦਿੱਤੇ ਗਏ ਹਨ; ਉਹ ਅਜੇ ਜੀਉਂਦੇ ਜਾਗਦੇ ਹਨ ਅਤੇ ਤੁਹਾਡੇ ਜ਼ੁਲਮ ਦੇ ਵਿਰੁਧ ਡਟੇ ਖੜੋਤੇ ਹਨ।

ਮੀਰ ਮੰਨੂੰ (ਸਨ ੧੭੪੮-੫੩) ਨੇ ਲਾਹੌਰ ਦਾ ਹਾਕਮ ਬਣਦੇ ਸਾਰ ਹੀ ਸਿੰਘਾਂ ਨੂੰ ਮਾਰ ਮੁਕਾਉਣ ਲਈ ਗਸ਼ਤੀ ਫੌਜਾਂ ਬਾਹਰ ਪਿੰਡਾਂ ਵਿਚ ਭੇਜ ਦਿੱਤੀਆਂ ਅਤੇ ਹਜ਼ਾਰਾਂ ਨੂੰ ਫੜ ਕੇ ਕਤਲ ਕਰ ਦਿੱਤਾ। ਪਰ ਸਿੰਘ ਅੱਗ ਦੀ ਕੁਠਾਲੀ ਵਿਚੋਂ ਨਿੱਗਰ ਕੁੰਦਨ ਬਣ ਕੇ ਨਿਕਲ ਰਹੇ ਸਨ ਅਤੇ ਵਾਹਿਗੁਰੂ ਦੇ ਭਾਣੇ ਵਿਚ ਅਡੋਲ, ਨਿਰਭੈ, ਰਜ਼ਾ ਵਿਚ ਰਾਜ਼ੀ, ਇਸ ਤਰਾਂ ਗਾਉਂਦੇ ਸੁਣੀਦੇ ਸਨ ਕਿ :

ਮੰਨੂੰ ਅਸਾਡੀ ਦਾਤਰੀ, ਅਸੀਂ ਮੰਨੂੰ ਦੇ ਸੋਏ।
ਜਿਉਂ ਜਿਉਂ ਮੰਨੂੰ ਵੱਢਦਾ, ਅਸੀਂ ਦੂਣ ਸਵਾਏ ਹੋਏ।

ਉਹ ਸਮਝਦੇ ਸਨ ਕਿ ਜ਼ੁਲਮ ਅਤੇ ਮੁਸੀਬਤਾਂ ਦਾ ਸਮਾਂ ਬਹੁਤ ਲੰਮਾਂ ਨਹੀਂ ਹੋਇਆ ਕਰਦਾ, ਅੱਤਿਆਚਾਰ ਅਤੇ ਅੱਤਿਆਚਾਰੀਆਂ ਦੀ ਅੰਤ ਖ਼ੈ ਹੋ ਕੇ ਰਹਿੰਦੀ ਹੈ। ਜੋ ਡੋਲਦਾ ਨਹੀਂ ਅਤੇ ਆਪਣੇ ਮਿਥੇ ਰਾਹ ਉੱਤੇ ਧਰਮ-ਪਰਾਇਣ ਤੁਰਿਆ ਜਾਂਦਾ ਹੈ, ਉਸ ਨੂੰ ਕੋਈ ਡਰਾ ਨਹੀਂ ਸਕਦਾ, ਹਰਾ ਨਹੀਂ ਸਕਦਾ, ਕੋਈ ਮੁਕਾ ਨਹੀਂ ਸਕਦਾ। ਦੁਖ ਸੁਖ ਮਨ ਦੀ ਅਵਸਥਾ ਅਨੁਸਾਰ ਹਨ। ਜਿਨ੍ਹਾਂ ਦੇ ਮਨ ਵਿਚ ਅਕਾਲ ਉੱਤੇ ਭਰੋਸਾ ਹੈ, ਉਨ੍ਹਾਂ ਨੂੰ ਕਦੇ ਭੀ ਕੋਈ ਤੱਤੀ ਵਾਉ ਨਹੀਂ ਪੋਹ ਸਕਦੀ। ਉਹ ਹਰ ਸਮੇਂ ਚੜ੍ਹਦੀਆਂ ਕਲਾ ਵਿਚ ਵਿਚਰਦੇ ਹਨ ਅਤੇ ਖਿੜੇ ਮੱਥੇ ਹੱਸੂ ਹੱਸੂ ਕਰਦੇ ਹਰ ਮੁਸੀਬਤ ਅਤੇ ਹਰ ਵੈਰੀ ਦਾ ਟਾਕਰਾ ਕਰਦੇ ਹਨ ਅਤੇ ਅੰਤ ਜੈ ਉਨ੍ਹਾਂ ਦੀ ਹੁੰਦੀ ਹੈ।

ਲਾਹੌਰ ਦੀ ਘੋੜ-ਮੰਡੀ ਹੋਵੇ, ਜਾਂ ਜਮਰੂਦ ਅਤੇ ਸਾਰਾਗੜ੍ਹੀ ਦੀਆਂ ਪਹਾੜੀਆਂ, ਨੀਫ਼ਾ ਹੋਵੇ ਜਾਂ ਲੱਦਾਖ ਦਾ ਬਿਖੜਾ ਇਲਾਕਾ, ਕਸ਼ਮੀਰ ਦੀ ਮੁਹਿੰਮ ਹੋਵੇ ਜਾਂ ਪਾਕਿਸਤਾਨੀਆਂ ਨਾਲ ਟਾਕਰਾ, ਉਹ ਹਰ ਸਮੇਂ ਹਰ ਥਾਂ ਅਤੇ ਹਰ ਹਾਲ ਵਿਚ ਚੜ੍ਹਦੀਆਂ ਕਲਾਂ ਵਿਚ ਉੱਚੀਆਂ ਸੁਰਾਂ ਨਾਲ ਇਸ ਧਾਰਨਾ ਨਾਲ ਸ਼ਬਦ ਪੜ੍ਹਦੇ ਸੁਣੀਦੇ ਹਨ : "ਤੱਤੀ ਵਾਓ ਨਾ ਲਗਦੀ ਜੀ ਗੁਰੂ ਕੇ ਸਿੰਘਾਂ ਨੂੰ—ਗੁਰੂ ਕਿਆਂ ਸਿੰਘਾਂ ਨੂੰ—।" ਅਤੇ ਜਦ ਜੰਗ ਦਾ ਮਾਰੂ ਵੱਜ ਜਾਏ, ਵੈਰੀ ਗਲ ਪੈਂਦਾ ਦਿਸੇ ਤਾਂ ਉਹ ਅਕਾਲ ਪੁਰਖ ਅੱਗੇ ਅਰਦਾਸ ਕਰ ਕੇ ਗੁਰੂ ਗੋਬਿੰਦ ਸਿੰਘ ਦੇ ਇਨ੍ਹਾਂ ਸ਼ਬਦਾਂ ਵਿਚ ਬੇਨਤੀ ਕਰਦੇ ਹਨ ਕਿ :

ਦੇਹ ਸ਼ਿਵਾ ਬਰ ਮੋਹਿ ਇਹੈ, ਸੁਭ ਕਰਮਨ ਤੇ ਕਬਹੂੰ ਨਾ ਟਰੋਂ।
ਨਾ ਡਰੋਂ ਅਰਿ ਸੋ ਜਬ ਜਾਇ ਲਰੋਂ, ਨਿਸਚੈ ਕਰ ਅਪਨੀ ਜੀਤ ਕਰੋਂ।
ਅਰੁ ਸਿਖ ਹੋ ਅਪਨੇ ਹੀ ਮਨ ਕੋ ਇਹ ਲਾਲਚ ਹਉ ਗੁਣ ਤਉ ਉਚਰੋਂ।
ਜਬ ਆਵਿ ਕੀ ਅਉਧ ਨਿਦਾਨ ਬਨੈ, ਅਤਿ ਹੀ ਰਣ ਮੈਂ ਤਬ ਜੂਝ ਮਰੋਂ।

ਅਤੇ ਜੁਧ ਦੇ ਮੈਦਾਨ ਨੂੰ ਚਾਲੇ ਪਾਉਂਦੇ ਹੋਏ ਧਰਮ-ਜੁਧ ਦੇ ਚਾਉ ਨਾਲ ਵਜਦ ਵਿਚ ਆ ਕੇ ਢੋਲਕੀਆਂ ਅਤੇ ਛੈਣਿਆਂ ਦੀ ਗੁੰਜਾਰ ਵਿਚ ਇਹ ਸ਼ਬਦ ਪੜ੍ਹਦੇ ਹਨ :

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ।
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ।
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ।
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ।੨।

(ਮਾਰੂ, ਕਬੀਰ, ੨—੨)

ਅਜਿਹਿਆਂ ਸਿਰਲੱਥ ਧਰਮੀ ਸੂਰਮਿਆਂ ਦੇ ਸਾਮ੍ਹਣੇ ਕਿਸ ਅੜਨਾ ਹੋਇਆ । ਜੋ ਅੜੇਗਾ ਸੋ ਝੜੇਗਾ ।

ਮੀਰ ਮੰਨੂੰ ਦੀ ਮੌਤ ਤੋਂ ਬਾਦ ਅਫ਼ਗਾਨਿਸਤਾਨ ਦੇ ਬਾਦਸ਼ਾਹ ਅਹਿਮਦ ਸ਼ਾਹ ਦੁੱਰਾਨੀ ਨੇ ਪੰਜਾਬ ਉੱਪਰ ਕਬਜ਼ਾ ਕਰਨ ਦੇ ਜਤਨ ਆ ਆਰੰਭੇ । ਪਰ ਹੁਣ ਸਿੰਘਾਂ ਦੇ ਦਲ ਪਹਾੜਾਂ ਤੋਂ ਛਾਲਾਂ ਮਾਰਦੇ ਆ ਉੱਤਰੇ ਅਤੇ ਜੰਗਲਾਂ ਵਿਚੋਂ ਇਉਂ ਨਿਕਲੇ ਜਿਵੇਂ ਬੇਲਿਆਂ ਚੋਂ ਸ਼ੇਰ ਨਿਕਲਦੇ ਅਤੇ ਬੁੱਕਦੇ ਹਨ। ਅਹਿਮਦ ਸ਼ਾਹ ਦੇ ਪੁਤਰ ਤੈਮੂਰ ਅਤੇ ਉਸ ਦੇ ਵੱਡੇ ਜਰਨੈਲ ਜਹਾਨ ਖਾਨ ਨੂੰ ਲਾਹੌਰੋਂ ਭਜਾ ਦਿੱਤਾ । ਭਾਵੇਂ ਪਾਣੀਪਤ ਦੀ ਲੜਾਈ ਤੋਂ ਬਾਦ ਸਨ ੧੭੬੨ ਵਿਚ ਦੁੱਰਾਨੀ ਨੇ ਸਿੰਘਾਂ ਉੱਤੇ ਭੀ ਇਕ ਮਾਰੂ ਹੱਲਾ ਕੀਤਾ ਅਤੇ ੫ ਫ਼ਰਵਰੀ ਦਾ ਘੱਲੂ-ਘਾਰਾ ਆ ਵਰਤਾਇਆ, ਪਰ ਸਿੰਘਾਂ ਦਾ ਉਹ ਕੁਝ ਨਾ ਵਿਗਾੜ ਸਕਿਆ । ਉਹ ਹੁਣ ਬਹੁਤ ਤਕੜੇ ਹੋ ਚੁੱਕੇ ਸਨ । ਉਹ ਅੱਗੇ ਨਾਲੋਂ ਭੀ ਹੋਰ ਦਲੇਰੀ ਅਤੇ ਰੋਹ ਨਾਲ ਉੱਠੇ ਅਤੇ ਸਨ ੧੭੬੩ ਵਿਚ ਉਨ੍ਹਾਂ ਨੇ ਥਾਉਂ ਥਾਈਂ ਮੱਲਾਂ ਮੱਲਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਪਾਣੀਪਤ ਦੀ ਲੜਾਈ ਦੀ ਤੀਸਰੀ ਵਰ੍ਹੇ-ਗੰਢ ਦੇ ਦਿਨ ੧੪ ਜਨਵਰੀ ਸਨ ੧੭੬੪ ਨੂੰ ਸਰਹੰਦ ਦੇ ਹਾਕਮ ਜ਼ੈਨ ਖਾਨ ਨੂੰ ਲੜਾਈ ਵਿਚ ਜਾ ਮਾਰਿਆ ਅਤੇ ਮਾਲਵੇ ਦੇ ਇਲਾਕੇ ਵਿਚ ਦੇ ਦੁੱਰਾਨੀਆਂ ਦੇ ਵੱਡੇ ਅੱਡੇ ਸਰਹੰਦ ਦੀ ਧੂੜ ਉੜਾ ਦਿੱਤੀ ਅਤੇ ਇਹ ਸਾਰਾ ਇਲਾਕਾ ਸਦਾ ਲਈ ਮੁਗ਼ਲਾਂ ਅਤੇ ਦੁੱਰਾਨੀਆਂ ਤੋਂ ਆਜ਼ਾਦ ਹੋ ਗਿਆ ।

ਅਗਲੇ ਸਾਲ ਮਿਸਲਦਾਰ ਸਰਦਾਰ ਲਾਹੌਰ ਵਲ ਨੂੰ ਵਧੇ ਅਤੇ ਬਸਾਖੀ ਤੋਂ ਬਾਦ ੧੬ ਅਪਰੈਲ ੧੭੬੫ ਦੇ ਮੁਬਾਰਕ ਦਿਨ ਪੰਜਾਬ ਦੀ ਰਾਜਧਾਨੀ ਉੱਤੇ ਜਾ ਕਬਜ਼ਾ ਕੀਤਾ ਅਤੇ ਸੈਂਕੜੇ ਵਰ੍ਹਿਆਂ ਦੀ ਗ਼ੁਲਾਮੀ ਤੋਂ ਪੰਜਾਬ ਦੇ ਸੂਰਬੀਰ ਜਵਾਨਾਂ ਨੇ ਆਪਣੇ ਦੇਸ਼ ਨੂੰ ਪੂਰੀ ਤਰ੍ਹਾਂ ਆਜ਼ਾਦ ਕਰਾਇਆ । ਇਸ ਤਰ੍ਹਾਂ ਨਿਹੰਗਾਂ ਦੇ ਬੋਲੇ ਅਨੁਸਾਰ ਪੰਜਾਬ ਦੀ ਪਵਿਤਰ ਭੂਮੀ ਤੋਂ : 'ਉੱਠ ਗਈ ਸਭਾ ਮਲੇਛ ਕੀ ਜਿਨ ਖਿੱਚਿਆ ਹੰਕਾਰਾ' ।

ਅਹਿਮਦ ਸ਼ਾਹ ਦੁੱਰਾਨੀ ਨੇ ਦੋ ਵਾਰੀ ਫੇਰ ਮੁੜ ਪੰਜਾਬ ਵਿਚ ਹਕੂਮਤ ਕਾਇਮ ਕਰਨ ਦੇ ਜਤਨ ਕੀਤੇ ਪਰ ਸਿੰਘਾਂ ਨੇ ਉਸ ਦੇ ਇਥੇ ਪੈਰ ਨਾ ਟਿਕਣ ਦਿੱਤੇ ਤੇ ਉਹ ਨਿਰਾਸ ਸਨ ੧੭੭੨ ਵਿਚ ਇਸ ਸੰਸਾਰ ਤੋਂ ਕੂਚ ਕਰ ਗਿਆ ।

ਅਠਾਰਵੀਂ ਸਦੀ ਦੇ ਅੰਤ ਵਿਚ ਜਦ ਅਫ਼ਗਾਨਿਸਤਾਨ ਦੇ ਸ਼ਾਹ ਜ਼ਮਾਨ ਦੁੱਰਾਨੀ ਨੇ ਪੰਜਾਬ ਉੱਤੇ ਕਬਜ਼ਾ ਕਰਨ ਦਾ ਜਤਨ ਕੀਤਾ ਤਾਂ ਗੁਜਰਾਂਵਾਲੇ ਦੀ ਜੂਹ ਤੋਂ ਥੋੜੇ ਜਿਹੇ ਸਿਰ-ਲੱਥ ਸਾਥੀ ਸਿੰਘਾਂ ਨਾਲ ਸੁੱਕਰਚੱਕੀਆ ਮਿਸਲ ਦੇ ਸਰਦਾਰ ਰਣਜੀਤ ਸਿੰਘ ਨੇ ਉਸ ਨੂੰ ਲਾਹੌਰ ਦੇ ਕਿਲੇ ਵਿਚ ਬੈਠੇ ਨੂੰ ਹੇਠਾਂ ਆ ਵੰਗਾਰਿਆ । ਸਿੰਘਾਂ ਦੇ ਟାਕਰੇ ਤੇ ਦੁੱਰਾਨੀ ਨੇ ਆਪਣੇ ਪੈਰ

ਪੰਜਾਬ ਵਿਚ ਲਗਦੇ ਨਾ ਵੇਖ ਕੇ ਅਫ਼ਗਾਨਿਸਤਾਨ ਨੂੰ ਪਰਤ ਜਾਣ ਵਿਚ ਹੀ ਆਪਣਾ ਭਲਾ ਸਮਝਿਆ। ਸਰਦਾਰ ਰਣਜੀਤ ਸਿੰਘ ਦੀ ਦਲੇਰੀ ਨੂੰ ਦੇਖ ਕੇ ਲਾਹੌਰ ਦੇ ਹਿੰਦੂ, ਮੁਸਲਮਾਨ ਅਤੇ ਸਿੱਖ ਮੁਖੀਏ ਇਕ-ਸਲਾਹ ਹੋ ਕੇ ਉਸ ਪਾਸ ਪੁਜੇ। ਉਨ੍ਹਾਂ ਦੀ ਬੇਨਤੀ ਮੰਨ ਕੇ ਰਣਜੀਤ ਸਿੰਘ ਨੇ ਲਾਹੌਰ ਉੱਤੇ ਆ ਕਬਜ਼ਾ ਕੀਤਾ ਅਤੇ ਪੰਜਾਬ ਨੂੰ ਇਕ-ਮੁੱਠ ਮਜ਼ਬੂਤ ਰਾਜ ਬਣਾਉਣ ਲਈ ਸਾਰਾ ਤਰਾਣ ਲਾ ਦਿੱਤਾ ਅਤੇ ਥੋੜੇ ਜਿਹੇ ਸਮੇਂ ਵਿਚ ਹੀ ਇਸ ਦੀਆਂ ਹੱਦਾਂ ਸਿੰਧ ਤੋਂ ਤਿੱਬਤ ਅਤੇ ਖੈਬਰ ਤੋਂ ਜਮੁਨਾ ਤਕ ਪਹੁੰਚਾ ਦਿੱਤੀਆਂ।

ਉਨੀਵੀਂ ਸਦੀ ਦੇ ਸ਼ੁਰੂ ਵਿਚ ਜਦ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਨੂੰ ਇਕੱਠਾ ਕਰਨਾ ਆਰੰਭ ਕੀਤਾ ਤਾਂ ਲਾਹੌਰ ਦਾ ਇਲਾਕਾ ਚਾਰੇ ਪਾਸਿਆਂ ਤੋਂ ਵਿਰੋਧੀ ਇਲਾਕਿਆਂ ਨਾਲ ਘਿਰਿਆ ਹੋਇਆ ਸੀ। ਹੌਲੀ ਹੌਲੀ ਰਣਜੀਤ ਸਿੰਘ ਨੇ ਚੜ੍ਹਦਾ ਪਹਾੜ ਸੋਧ ਕੇ ਮੁਲਤਾਨ ਅਤੇ ਬਹਾਵਲਪੁਰ ਨੂੰ ਨਾਲ ਰਲਾਇਆ, ਕਸ਼ਮੀਰ ਫ਼ਤਿਹ ਕੀਤੀ ਅਤੇ ਹੋਰ ਇਲਾਕੇ ਜ਼ੇਰ ਕੀਤੇ।

ਸਿੰਧੋਂ ਪਾਰ ਉੱਤਰ-ਲਹਿੰਦੇ ਦਾ ਇਲਾਕਾ ਮੁੱਢ ਕਦੀਮਾਂ ਤੋਂ ਪੰਜਾਬ ਲਈ ਖਤਰੇ ਦਾ ਇਕ ਤਕੜਾ ਗੜ੍ਹ ਚਲਿਆ ਆ ਰਿਹਾ ਸੀ। ਹਿੰਦੁਸਤਾਨ ਪਰ ਸਾਰੇ ਹੱਲੇ ਇਸੇ ਪਾਸੇ ਤੋਂ ਹੀ ਹੁੰਦੇ ਸਨ। ਇਸ ਲਈ ਪੰਜਾਬ ਵਿਚ ਅਮਨ ਕਇਮ ਰੱਖਣ ਲਈ ਇਸ ਇਲਾਕੇ ਉੱਤੇ ਕਬਜ਼ਾ ਕਰਨਾ ਅਤਿ ਜ਼ਰੂਰੀ ਸਮਝ ਕੇ ਮਹਾਰਾਜਾ ਰਣਜੀਤ ਸਿੰਘ ਨੇ ਸਿੰਧੋਂ ਪਾਰ ਪਿਸ਼ਾਵਰ ਵਲ ਧਾਈ ਕੀਤੀ ਅਤੇ ਇਸ ਇਲਾਕੇ ਨੂੰ ਪੰਜਾਬ ਨਾਲ ਰਲਾ ਲਿਆ। ਓਦੋਂ ਇਥੇ ਅਫ਼ਗਾ-ਨਿਸਤਾਨ ਦੀ ਮੋਰ ਸੀ। ਇਸ ਨੂੰ ਜਿੱਤ ਕੇ ਮਹਾਰਾਜਾ ਰਣਜੀਤ ਸਿੰਘ ਨੇ ਇਸ ਨੂੰ ਪੰਜਾਬ ਦਾ ਇਕ ਹਿੱਸਾ ਬਣਾ ਦਿੱਤਾ। ਇਸ ਤਰ੍ਹਾਂ ਖੈਬਰ ਤੋਂ ਜਮਨਾ ਅਤੇ ਸਿੰਧ ਤੋਂ ਤਿੱਬਤ ਦੀ ਹੱਦ ਤਕ ਦਾ ਪੰਜਾਬ ਹਿੰਦੁਸਤਾਨ ਨੂੰ ਸਿੰਘਾਂ ਦੀ ਇਕ ਅਨਮੋਲ ਦੇਣ ਸੀ। ਇਸ ਇਲਾਕੇ ਨੂੰ ਜਿੱਤਣ ਅਤੇ ਪੰਜਾਬ ਦਾ ਹਿੱਸਾ ਬਣਾਈ ਰੱਖਣ ਲਈ ਪੰਜਾਬ ਦੇ ਸੂਰਬੀਰ ਜਵਾਨਾਂ ਨੇ ਕਿਵੇਂ ਆਪਣੀਆਂ ਜਾਨਾਂ ਹੂਲੀਆਂ, ਵੈਰੀਆਂ ਨਾਲ ਟਾਕਰੇ ਵਿਚ ਖੰਡਾ ਖੜਕਾਇਆ, ਖਿੜੇ ਮੱਥੇ ਕੁਰਬਾਨੀਆਂ ਦਿੱਤੀਆਂ ਅਤੇ ਆਪਣੀ ਆਨ ਸ਼ਾਨ ਦਾ ਝੂਲਦਾ ਨਿਸ਼ਾਨ ਬਰਕਰਾਰ ਰੱਖਿਆ, ਉਸ ਦੀ ਕੁਝ ਕੁ ਵਿੱਥਿਆ 'ਸੀ-ਹਰਫ਼ੀਆਂ ਹਰੀ ਸਿੰਘ ਨਲਵਾ' ਵਿਚ ਅੱਗੇ ਪਾਠਕਾਂ ਦੀ ਭੇਟ ਹੈ।

ਇਨ੍ਹਾਂ ਸੀ-ਹਰਫ਼ੀਆਂ ਦੇ ਨਾਇਕ ਸਰਦਾਰ ਹਰੀ ਸਿੰਘ ਦਾ ਜਨਮ ਸੁੱਕਰਚੱਕੀਆ ਮਿਸਲ ਦੇ ਕੁਮੇਦਾਨ ਸਰਦਾਰ ਗੁਰਦਿਆਲ ਸਿੰਘ ਦੇ ਘਰ ਗੁਜਰਾਂਵਾਲੇ ਸੰਮਤ ੧੮੪੮ ਬਿ., ਸਨ ੧੭੯੧ ਈਸਵੀ ਨੂੰ ਹੋਇਆ। ਇਹ ਉਸ ਮਿਸਲ ਦੇ ਸਰਦਾਰ ਰਣਜੀਤ ਸਿੰਘ ਨਾਲੋਂ ਗਿਆਰਾਂ ਸਾਲ ਛੋਟੇ ਸਨ। ਹਰੀ ਸਿੰਘ ਦੀ ਉਮਰ ਅਜੇ ਸਤ ਸਾਲ ਦੀ ਹੀ ਹੋਈ ਸੀ ਕਿ ਪਿਤਾ ਚਲਾਣਾ ਕਰ ਗਏ ਅਤੇ ਆਪ ਦੀ ਪਾਲਨਾ ਪੋਸਨਾ ਆਪ ਦੇ ਮਾਮਿਆਂ ਦੇ ਘਰ ਹੋਈ।

ਉਹ ਜ਼ਮਾਨਾ ਜੰਗਾਂ ਯੁਧਾਂ ਦਾ ਸੀ। ਹਰ ਪਾਸੇ ਸਰਦਾਰ ਰਣਜੀਤ ਸਿੰਘ ਦਾ ਡੰਕਾ ਵੱਜ ਰਿਹਾ ਸੀ। ਸਨ ੧੭੯੯ ਈ. ਵਿਚ ਉਸ ਦਾ ਲਾਹੌਰ ਉੱਤੇ ਕਬਜ਼ਾ ਹੋ ਚੁੱਕਾ ਸੀ ਅਤੇ

ਉਹ ਮਹਾਰਾਜਾ ਬਣ ਗਿਆ ਸੀ। ਜੰਮੂ ਨਿਉਂ ਚੁਕਾ ਸੀ, ਸਿਆਲਕੋਟ, ਗੁਜਰਾਤ, ਪਿੰਡੀ ਭੱਟੀਆਂ, ਡਸਕਾ ਉਸ ਨੇ ਫਤਿਹ ਕਰ ਲਏ ਸੀ, ਮੁਲਤਾਨ ਨੇ ਈਨ ਮੰਨ ਲਈ ਸੀ। ਅੰਮ੍ਰਿਤਸਰ ਝੰਗ ਅਤੇ ਉੱਚ ਦਾ ਇਲਾਕਾ ਮਹਾਰਾਜੇ ਦੇ ਰਾਜ ਵਿਚ ਮਿਲ ਚੁਕਾ ਸੀ ਅਤੇ ਅੰਗਰੇਜ਼ਾਂ ਨਾਲ ਦੋਸਤੀ ਹੋ ਗਈ ਸੀ। ਇਸ ਵੇਲੇ ਹਰੀ ਸਿੰਘ ਪੰਦਰਾਂ ਵਰ੍ਹਿਆਂ ਦਾ ਮਸ-ਫੁੱਟ, ਭਰਵਾਂ ਅਤੇ ਡੀਲ ਡੌਲ ਵਾਲਾ ਸ਼ਕੀਲ ਨੌਜੁਆਨ ਸੰਮਤ ੧੮੬੨ ਦੇ ਬਸੰਤ ਦੇ ਸ਼ਾਹੀ ਦਰਬਾਰ ਵਿਚ ਪਹਿਲੀ ਵਾਰੀ ਜਵਾਨਾਂ ਦੇ ਪਿੜ ਵਿਚ ਆਇਆ ਅਤੇ ਆਪਣੀ ਫੁਰਤੀ, ਪਲੱਥੇ,ਚਾਬਕ-ਸਵਾਰੀ, ਨੇਜ਼ੇ-ਬਾਜ਼ੀ ਅਤੇ ਤਲਵਾਰ ਦੀ ਮਾਰ ਵਿਚ ਕਈ ਬੜੇ ਪੁਰਾਣੇ ਨਾਮਵਰਾਂ ਨੂੰ ਮਾਤ ਪਾ ਗਿਆ। ਇਹ ਦੇਖ ਕੇ ਮਹਾਰਾਜਾ ਰਣਜੀਤ ਸਿੰਘ ਇਤਨੇ ਪ੍ਰਸੰਨ ਹੋਏ ਕਿ ਉਨ੍ਹਾਂ ਨੇ ਇਸ ਨੂੰ ਆਪਣੇ ਖਾਸ ਹਜ਼ੂਰੀ ਖਿਦਮਤਗਾਰਾਂ ਵਿਚ ਰੱਖ ਲਿਆ। ਅਜੇ ਕੁਝ ਮਹੀਨੇ ਹੀ ਗੁਜ਼ਰੇ ਸਨ ਕਿ ਮਹਾਰਾਜ ਨਾਲ ਇਕ ਦਿਨ ਸਿਕਾਰ ਗਇਆਂ ਹੱਲਾ ਕਰਨ ਪਏ ਇਕ ਚੀਤੇ ਨੂੰ ਜਬਾੜਿਆਂ ਤੋਂ ਫੜ ਕੇ ਹਰੀ ਸਿੰਘ ਨੇ ਇਕ ਐਸੀ ਭੁਆਂਟਨੀ ਦਿੱਤੀ ਕਿ ਉਹ ਬੇ-ਦਮ ਹੋ ਕੇ ਪਰੇ ਜਾ ਡਿਗਿਆ। ਫੇਰ ਹਰੀ ਸਿੰਘ ਨੇ ਬੜੀ ਫੁਰਤੀ ਨਾਲ ਤਲਵਾਰ ਦੇ ਵਾਰ ਨਾਲ ਉਸ ਦਾ ਸਿਰ ਜਾ ਵੱਢਿਆ। ਇਹ ਬਹਾਦਰੀ ਦੇਖ ਕੇ ਮਹਾਰਾਜ ਨੇ ਅਗਲੇ ਦਿਨ ਹੀ ਉਸ ਨੂੰ ਉੱਘੇ ਸੂਰਬੀਰਾਂ ਦੀ ਅੱਠ ਸੌ ਸਵਾਰ ਅਤੇ ਪਿਆਦਿਆਂ ਦੀ ਸ਼ੇਰ-ਦਿਲ ਨਾਮੀ ਪਲਟਨ ਦਾ ਵੱਡਾ ਅਫ਼ਸਰ ਨਿਯਤ ਕਰ ਦਿਤਾ।

ਸਨ ੧੮੦੭ ਵਿਚ ਕਸੂਰ ਦੀ ਲੜਾਈ ਵਿਚ ਸਰਦਾਰ ਹਰੀ ਸਿੰਘ ਨੇ ਬੜੀ ਬਹਾਦਰੀ ਵਿਖਾਈ ਅਤੇ ਸ਼ੇਰ-ਦਿਲ ਰਜਮਣ ਦੇ ਜੁਆਨਾਂ ਨੇ ਨਵਾਬ ਕੁਤਬਦੀਨ ਖਾਨ ਨੂੰ ਜੀਉਂਦੇ ਹੀ ਫੜ ਲਿਆ ਅਤੇ ਮਹਾਰਾਜੇ ਦੇ ਲਿਆ ਪੇਸ਼ ਕੀਤਾ। ਸਨ ੧੮੧੦ ਵਿਚ ਮੁਲਤਾਨ ਦੇ ਕਿਲੇ ਨੂੰ ਉਡਾਉਣ ਲਈ ਬਾਰੂਦ ਦਾ ਕੁੱਪਾ ਰੱਖਣ ਗਿਆ ਸਰਦਾਰ ਹਰੀ ਸਿੰਘ ਬੁਰੀ ਤਰ੍ਹਾਂ ਜਖ਼ਮੀ ਹੋ ਗਿਆ ਸੀ, ਪਰ ਛੇਤੀ ਹੀ ਮਿਠੇ-ਟਿਵਾਣੇ ਦੀ ਮੁਹਿੰਮ ਵਿਚ ਜਾ ਪੁੱਜਾ ਅਤੇ ਉੱਚ ਦੇ ਪੀਰਾਂ ਨੂੰ ਸੋਧਣ ਵਿਚ ਜਾ ਨਾਮਣਾ ਖੱਟਿਆ। ਜੁਲਾਈ ਸੰਨ ੧੮੧੩ ਨੂੰ ਅਟਕ ਦੇ ਕਿਲੇ ਪਰ ਕਬਜ਼ਾ ਕਰਨ ਲਈ ਪਠਾਣਾਂ ਨਾਲ, ਅਤੇ ਖਾਸ ਕਰ ਸਰਦਾਰ ਦੌਲਤ ਮੁਹੰਮਦ ਖਾਨ ਨਾਲ, ਲੜਾਈ ਵਿਚ ਜੋ ਸੂਰਬੀਰਤਾ ਵਿਖਾਈ, ਉਸ ਨਾਲ ਹਰੀ ਸਿੰਘ ਦਾ ਉਨ੍ਹਾਂ ਉੱਤੇ ਰੋਹਬ ਪੈ ਗਿਆ।

ਸਨ ੧੮੧੮ ਦੀ ਮੁਲਤਾਨ ਦੀ ਮੁਹਿੰਮ ਅਤੇ ਅੰਤਿਮ ਫ਼ਤਿਹ ਵਿਚ ਸਰਦਾਰ ਹਰੀ ਸਿੰਘ ਅਤੇ ਬਾਬਾ ਫੂਲਾ ਸਿੰਘ ਅਕਾਲੀ ਦਾ ਬੜਾ ਉੱਘਾ ਹਿੱਸਾ ਸੀ। ਇਸ ਨਾਲ ਲਗ ਭਗ ਸਾਰਾ ਪੰਜਾਬ ਰਣਜੀਤ ਸਿੰਘ ਦੇ ਰਾਜ ਦੀ ਲੜੀ ਵਿਚ ਪਰੋ ਹੋ ਕੇ ਇਕੱਠਾ ਹੋ ਗਿਆ।

ਹੁਣ ਕਸਰ ਸੀ ਸਿਰਫ ਉਸ ਇਲਾਕੇ ਨੂੰ ਕਾਬੂ ਕਰਨ ਦੀ ਜੋ ਪਰਾਚੀਨ ਸਮੇਂ ਵਿਚ ਭਾਰਤ ਦਾ ਹੀ ਇਕ ਹਿੱਸਾ ਹੁੰਦਾ ਸੀ ਪਰ ਹਾਲਾਤ ਦੇ ਗੇੜ ਨਾਲ ਇੱਥੇ ਪਠਾਣਾਂ ਨੇ ਕਬਜ਼ਾ ਕਰਕੇ ਵੱਖ ਕਰ ਲਿਆ ਹੋਇਆ ਸੀ। ਇਹ ਸੀ ਕਸ਼ਮੀਰ ਦਾ ਪਹਾੜੀ ਇਲਾਕਾ ਅਤੇ ਸਿੰਧੋਂ ਪਾਰ ਪਿਸ਼ਾਵਰ ਦਾ ਇਲਾਕਾ। ਮਹਾਰਾਜਾ ਰਣਜੀਤ ਸਿੰਘ ਨੇ ਪਹਿਲਾਂ ਕਸ਼ਮੀਰ ਵੱਲ ਧਿਆਨ ਦਿਤਾ। ਕਾਫ਼ੀ ਦੇਰ ਤੋਂ ਪਠਾਣ ਹਾਕਮਾਂ ਦੇ ਅੱਤਿਆਚਾਰ ਨਾਲ ਇਥੇ ਕੁਰਲਾਟ ਮਚੀ ਹੋਈ ਸੀ। ਚੁਨਾਂਚਿ ਮੌਲਾਣਾ ਮੁਹੰਮਦ ਦੀਨ 'ਆਪਣੀ ਮੁਕੰਮਲ ਤਵਾਰੀਖਿ ਕਸ਼ਮੀਰ' ਵਿਚ ਲਿਖਦੇ

ਹਨ :

ਪੁਰਸੀਦਮ ਅਜ਼ ਖਰਾਬੀਇ ਗੁਲਸ਼ਨ ਜ਼ਿ ਬਾਗਬਾਂ।
ਫ਼ੁਗਾਂ ਕਸ਼ੀਦ ਵਾ ਗੁਫ਼ਤ ਕਿ ਅਫ਼ਗਾਂ ਖ਼ਰਾਬ ਕਰਦ।
... ... ... ... ... ...
ਸ਼ਾਮਤਿ ਇਹਮਾਲ ਸੇ ਅਫ਼ਗਾਨ ਹਾਕਮ ਹੋ ਗਏ।
ਆਏ ਉਹ ਅਵਰ ਤਾਲਿਹ ਬੇਦਾਰ ਅਪਨੇ ਸੋ ਗਏ।...

ਯਿਹ ਸਖਤੀ ਔਰ ਯਿਹ ਜ਼ੁਲਮ ਫ਼ਿਲ-ਵਾਕਿਆ ਨਾ-ਕਾਬਲਿ ਬਰਦਾਸ਼ਤ ਥਾ। ਚੂੰਕਿ ਅੱਲਾ ਤਾਲਾ ਕੋ ਅਫ਼ਗਾਨੋਂ ਕੇ ਇਨ ਮੁਜ਼ਾਲਮ ਪਰ ਅਪਨਾ ਕਹਿਰ ਓ ਗਜ਼ਬ ਦਿਖਾਨਾ ਔਰ ਕਸ਼ਮੀਰ ਸੇ ਨਿਕਾਲਨਾ ਮਕਸੂਦ ਥਾ ਇਸ ਲੀਏ ਪੰਡਤ ਬੀਰਬਲ ਔਰ ਉਸ ਕੀ ਜਮਾਇਤ ਕੋ ਅਫ਼ਗਾਨੋਂ ਕੀ ਸ਼ਾਮਤਿ-ਇਹਮਾਲ ਕਾ ਮੁਜੱਸਮ ਨਮੂਨਾ ਬਣਾ ਕਰ ਮਹਾਰਾਜਾ ਰਣਜੀਤ ਸਿੰਘ ਕੇ ਪਾਸ ਭੇਜਾ ਜਿਸ ਨੇ ਮੁਲਕ ਔਰ ਅਹਿਲਿ-ਮੁਲਕ ਕੋ ਨਾ-ਖੁਦਾ-ਤਰਸੋਂ ਕੇ ਪੰਜੇ ਸੇ ਰਿਹਾਈ ਦੀ।

[ਹਿੱਸਾ ਸੋਮ, ਪੰਨਾ ੩-੪.]

ਸਨ ੧੮੧੯ ਦੀ ਬਸਾਖੀ ਤੋਂ ਬਾਦ ਕਸ਼ਮੀਰ ਉੱਤੇ ਚੜ੍ਹਾਈ ਕੀਤੀ ਗਈ ਅਤੇ ਤਿੰਨਾਂ ਮਹੀਨਿਆਂ ਵਿਚ ਮਹਾਰਾਜ ਦਾ ਸ਼ਿਰੀਨਗਰ ਉੱਤੇ ਕਬਜ਼ਾ ਹੋ ਗਿਆ। ਕੁਝ ਚਿਰ ਹੋਰ ਪ੍ਰਬੰਧ ਤੋਂ ਬਾਦ ਸਨ ੧੮੨੦ ਵਿਚ ਸਰਦਾਰ ਹਰੀ ਸਿੰਘ ਨੂੰ ਇਥੇ ਦਾ ਗਵਰਨਰ ਨਿਯਤ ਕੀਤਾ ਗਿਆ। ਇਨ੍ਹਾਂ ਦੇ ਮੁਲਕੀ ਪਰਬੰਧ ਤੋਂ ਖੁਸ਼ ਹੋ ਕੇ ਮਹਾਰਾਜ ਨੇ ਸਰਦਾਰ ਨੂੰ ਆਪਣੇ ਨਾਉਂ ਦਾ ਸਿਕਾ ਚਲਾਉਣ ਦਾ ਅਧਿਕਾਰ ਬਖਸ਼ ਦਿਤਾ। ਇਹ ਇਕ ਅਦੁਤੀ ਬਖਸ਼ਸ਼ ਸੀ ਜੋ ਮਹਾਰਾਜ ਨੇ ਕਿਸੇ ਹੋਰ ਸਰਦਾਰ ਜਾਂ ਆਪਣੇ ਸ਼ਾਹਜ਼ਾਦਿਆਂ ਉਪਰ ਭੀ ਨਹੀਂ ਸੀ ਕੀਤੀ। ਇਹ ਗੱਲ ਸੰਮਤ ੧੮੭੮ ਬਿ., ਸਨ ੧੮੨੧ ਈ. ਦੀ ਹੈ।

ਮਾਂਗਲੀ, ਮੁਘੇਰ ਅਤੇ ਡੇਰਾ-ਜਾਤ ਦੀ ਫਤਿਹ ਤੋਂ ਬਾਦ ਸਰਦਾਰ ਹਰੀ ਸਿੰਘ ਹਜ਼ਾਰੇ ਦੇ ਗਵਰਨਰ ਨਿਯਤ ਕੀਤੇ ਗਏ। ਇਥੇ ਆਪ ਨੇ ਇਕ ਕਿਲਾ ਹਰਿਕਿਸ਼ਨ ਗੜ੍ਹ ਬਣਵਾਇਆ ਅਤੇ ਸ਼ਹਿਰ ਹਰੀਪੁਰ ਆਬਾਦ ਕੀਤਾ ਜੋ ਹੁਣ ਤਕ ਉਨ੍ਹਾਂ ਦੀ ਯਾਦ ਵਿਚ ਕਾਇਮ ਹੈ।

ਇਸ ਵੇਲੇ ਤਕ ਪਠਾਣਾਂ ਦੇ ਸਰਦਾਰ ਯਾਰ ਮੁਹੰਮਦ ਖਾਨ ਨੇ ਮਹਾਰਾਜਾ ਰਣਜੀਤ ਸਿੰਘ ਦੀ ਈਨ ਮੰਨ ਲਈ ਹੋਈ ਸੀ ਅਤੇ ਉਹ ਓਥੇ ਦਾ ਮਾਮਲਾ ਸਰਕਾਰ ਪੰਜਾਬ ਨੂੰ ਭਰਿਆ ਕਰਦਾ ਸੀ। ਫਰਵਰੀ ੧੮੨੩ ਵਿਚ ਜਦ ਉਸ ਦੇ ਵੱਡੇ ਭਾਈ ਮੁਹੰਮਦ ਅਜ਼ੀਮ ਖਾਨ ਨੇ ਪਿਸ਼ਾਵਰ ਉੱਤੇ ਆ ਕਬਜਾ ਕੀਤਾ, ਸਰਦਾਰ ਹਰੀ ਸਿੰਘ ਨੇ ਇਸ ਦੇ ਲਸ਼ਕਰ ਨੂੰ ਅਟਕ ਉਤੇ ਜਾ ਰੋਕ ਪਾਈ ਅਤੇ ਛੇਤੀ ਹੀ ਖੁਦ ਮਹਾਰਾਜਾ ਰਣਜੀਤ ਸਿੰਘ ਭੀ ਪੁਜ ਗਏ। ਮੁਹੰਮਦ ਅਜ਼ੀਮ ਖ਼ਾਨ ਹਾਰ ਖਾ ਕੇ ਭਜ ਗਿਆ ਅਤੇ ਸਾਰੇ ਸਰਹੱਦੀ ਇਲਾਕੇ ਨੇ ਸਰਕਾਰ ਦੀ ਈਨ ਮੰਨ ਲਈ।

ਸਨ ੧੮੨੮ ਵਿਚ ਸਰਦਾਰ ਹਰੀ ਸਿੰਘ ਕਟੋਚੀਆਂ ਦੀ ਮੁਹਿੰਮ ਪਰ ਗਏ ਅਤੇ ੧੮੨੯ ਵਿਚ ਸਯੱਦ ਅਹਿਮਦ ਬਰੇਲਵੀ ਨੂੰ ਇਕ ਤਕੜੀ ਹਾਰ ਦਿੱਤੀ। ਇਸ ਤੋਂ

ਬਾਦ ਆਪ ਮੁੜ ਹਜ਼ਾਰੇ ਆ ਗਏ ਅਤੇ ਪੰਜਾ ਸਾਹਿਬ ਹਸਨ-ਅਬਦਾਲ ਦੀ ਸੇਵਾ ਕਰਵਾਈ।

ਭਾਵੇਂ ਪਿਸ਼ਾਵਰ ਵਿਚ ਮਹਾਰਾਜ ਵਲੋਂ ਯਾਰ ਮੁਹੰਮਦ ਖਾਨ ਨਿਯਤ ਸੀ ਪਰ ਉਸ ਇਲਾਕੇ ਵਿਚ ਪੂਰੀ ਤਰਾਂ ਅਮਨ ਅਮਾਨ ਨਹੀਂ ਸੀ ਹੋਇਆ। ਖੁਦ ਯਾਰ ਮੁਹੰਮਦ ਖਾਨ ਦੇ ਭਾਈ ਅਤੇ ਭਾਈਚਾਰਾ ਮੌਕੇ ਦੀ ਤਾੜ ਵਿਚ ਸਨ ਕਿ ਸਿੰਧੋਂ ਪੱਛਮ ਦੇ ਪਠਾਣੀ ਇਲਾਕੇ ਅਤੇ ਪਿਸ਼ਾਵਰ ਨੂੰ ਸਿੱਖਾਂ ਦੀ ਈਨ ਵਿਚ ਨਾ ਰਹਿਣ ਦਿਤਾ ਜਾਏ। ਇਸ ਦਾ ਸਪਸ਼ਟ ਮਤਲਬ ਇਹ ਸੀ ਕਿ ਉਹ ਜਦ ਚਾਹੁਣ ਬਿਨਾ ਕਿਸੇ ਨੂੰ ਪਤਾ ਲੱਗੇ ਪੰਜਾਬ ਵਿਰੁੱਧ ਖ਼ੁਫੀਆ ਜੰਗੀ ਤਿਆਰੀਆਂ ਕਰੀ ਜਾਣ ਅਤੇ ਮੌਕਾ ਤਾੜ ਕੇ ਜਦ ਭੀ ਦਾਉ ਲਗੇ ਹੱਲਾ ਬੋਲ ਦੇਣ। ਇਹੋ ਕੁਝ ਮੁੱਢ ਕਦੀਮਾਂ ਤੋਂ ਉੱਤਰ ਲਹਿੰਦੇ ਦੇ ਹੱਲਿਆਂ ਵੇਲੇ ਤੋਂ ਹੁੰਦਾ ਆ ਰਿਹਾ ਸੀ। ਪੰਜਾਬ ਦੇ ਸਿਰ ਉੱਤੇ ਇਸ ਸਦਾ ਦੇ ਖਤਰੇ ਦੇ ਅੱਡੇ ਨੂੰ ਟਿਕੇ ਰਹਿਣ ਦੇਣਾ ਇਕ ਸਿਆਸੀ ਭੁੱਲ ਸੀ ਜਿਸ ਨੂੰ ਮਹਾਰਾਜਾ ਰਣਜੀਤ ਸਿੰਘ ਟਿਕੀ ਨਹੀਂ ਸੀ ਰਹਿਣ ਦੇਣਾ ਚਾਹੁੰਦੇ। ਇਸ ਲਈ ਉਨ੍ਹਾਂ ਨੇ ਸਰਦਾਰ ਹਰੀ ਸਿੰਘ ਨਲਵੇ ਨੂੰ ਪਿਸ਼ਾਵਰ ਉੱਤੇ ਸਿੱਧੀ ਆਪਣੀ ਹਕੂਮਤ ਕਾਇਮ ਕਰ ਲੈਣ ਲਈ ਹੁਕਮ ਭੇਜ ਦਿੱਤਾ। ਚੰਮਕੰਨੀ ਵਿਚ ਪਠਾਣਾਂ ਨੇ ਮੋਰਚੇ ਪੁੱਟੇ ਹੋਏ ਸਨ, ਪਰ ਸਰਦਾਰ ਹਰੀ ਸਿੰਘ ਦਾ ਟਾਕਰਾ ਕਰ ਸਕਣਾ ਕੋਈ ਸੌਖੀ ਗੱਲ ਨਹੀਂ ਸੀ। ਪਠਾਣਾਂ ਨੂੰ ਭਾਂਜ ਪੈ ਗਈ ਅਤੇ ੬ ਮਈ ੧੮੩੪ ਨੂੰ ਸਰਦਾਰ ਹਰੀ ਸਿੰਘ ਨੇ ਪਿਸ਼ਾਵਰ ਪਰ ਪੂਰਾ ਕਬਜ਼ਾ ਕਰ ਲਿਆ ਅਤੇ ਖੈਬਰ ਤਕ ਪੰਜਾਬ ਦੀ ਹੱਦ ਪਹੁੰਚਾ ਦਿਤੀ। ਇਸ ਦੇ ਰਾਜ ਪਰਬੰਧ ਤੋਂ ਪਰਸੰਨ ਹੋ ਕੇ ਮਹਾਰਾਜ ਨੇ ਇਥੇ ਭੀ ਇਨ੍ਹਾਂ ਨੂੰ ਆਪਣਾ ਸਿੱਕਾ ਜਾਰੀ ਕਰਨ ਦੀ ਆਗਿਆ ਕੀਤੀ।

ਪਿਸ਼ਾਵਰ ਨੂੰ ਸਿੰਘਾਂ ਤੋਂ ਛੁਡਾਉਣ ਦਾ ਇਕ ਜਤਨ ਕਾਬੁਲ ਦੇ ਬਾਦਸ਼ਾਹ ਅਮੀਰ ਦੋਸਤ ਮੁਹੰਮਦ ਖ਼ਾਨ ਦੇ ਪੁੱਤਰ ਮੁਹੰਮਦ ਅਕਬਰ ਖ਼ਾਨ ਨੇ ਸੰਨ ੧੮੩੭ ਵਿਚ ਕੀਤਾ। ਇਹ ਲੜਾਈ ਜਮਰੂਦ ਦੇ ਮੈਦਾਨ ਵਿਚ ਹੋਈ ਜਿਸ ਵਿਚ ੩੦ ਅਪਰੈਲ ਨੂੰ ਸਰਦਾਰ ਹਰੀ ਸਿੰਘ ਭਾਵੇਂ ਸ਼ਹੀਦ ਹੋ ਗਏ, ਪਰ ਉਨ੍ਹਾਂ ਦਾ ਰੋਹਬ ਅਤੇ ਦਬਦਬਾ ਪਠਾਣਾਂ ਉਤੇ ਇਤਨਾ ਬੈਠਾ ਹੋਇਆ ਸੀ ਅਤੇ ਸਿੰਘਾਂ ਨੇ ਇਸ ਤਰਾਂ ਤਲਵਾਰਾਂ ਵਾਹੀਆਂ ਕਿ ਮੈਦਾਨ ਖਾਲਸੇ ਦੇ ਹੱਥ ਰਿਹਾ ਅਤੇ ਪਿਸ਼ਾਵਰ ਅਤੇ ਇਹ ਕੁਲ ਇਲਾਕਾ ਪੰਜਾਬ ਦਾ ਹਿੱਸਾ ਬਣਿਆ ਰਿਹਾ।

ਇਹ ਹੀ ਨਹੀਂ। ਸਰਦਾਰ ਹਰੀ ਸਿੰਘ ਨੂੰ ਸ਼ਹੀਦ ਹੋਇਆਂ ਭਾਵੇਂ ੧੩੮ ਵਰ੍ਹੇ ਬੀਤ ਗਏ ਹਨ ਅਤੇ ਇਸ ਸਮੇਂ ਵਿਚ ਹੋਰ ਭੀ ਅਨੇਕਾਂ ਸੂਰਬੀਰ ਹੋ ਗੁਜ਼ਰੇ ਹਨ ਪਰ ਹਾਲ ਤਕ ਭੀ ਨਿਧੜਕ ਬਹਾਦੁਰੀ ਅਤੇ ਪੰਜਾਬ ਦੇ ਉੱਤਰ-ਲਹਿੰਦੇ ਨੂੰ ਸਰ ਕਰਨ ਅਤੇ ਕਾਬੂ ਰੱਖਣ ਵਿਚ ਉਸ ਦਾ ਕੋਈ ਸਾਨੀ ਪੈਦਾ ਨਹੀਂ ਹੋਇਆ। ਉਹ ਹਾਲ ਤਕ ਪਠਾਣੀ ਇਲਾਕੇ ਵਿਚ ਇਕ ਹਊਆ ਬਣਿਆ ਹੋਇਆ ਹੈ ਅਤੇ ਪਠਾਣ ਮਾਵਾਂ ਅਪਣੇ ਤੰਗ ਕਰਨ ਵਾਲੇ ਅਤੇ ਸ਼ਰਾਰਤੀ ਬੱਚਿਆਂ ਨੂੰ ਡਰਾਉਣ ਲਈ ਹਰੀ ਸਿੰਘ ਦਾ ਨਾਉਂ ਲੈਂਦੀਆਂ ਅਤੇ ਕਹਿੰਦੀਆਂ ਹਨ :

ਚੁੱਪ ਸ਼ਾ ਬੱਚੇ, ਹਰੀਆ ਰਾਗੇ—ਚੁੱਪ ਕਰ ਪੁੱਤਰਾ, ਹਰੀਆ [ਹਰੀ ਸਿੰਘ] ਆ ਰਿਹਾ

ਈ !*

ਬੀਰ ਯੋਧਿਆਂ ਦੇ ਯੁੱਧਾਂ ਦਾ ਵਰਣਨ ਅਤੇ ਰਣ-ਖੇਤਰ ਵਿਚ ਉਨ੍ਹਾਂ ਦੀ ਬੀਰਤਾ ਅਤੇ ਨਿਡਰਤਾ ਦੇ ਜਸ ਗਾਉਣ ਲਈ ਪੰਜਾਬੀ ਵਿਚ ਇਕ ਵਿਸ਼ੇਸ਼ ਕਾਵਿ ਰੂਪ ਹੈ। ਇਸੇ ਕਾਵਿ-ਰੂਪ ਵਿਚ ਕਾਦਰਯਾਰ ਨੇ ਹਰੀ ਸਿੰਘ ਨਲਵੇ ਦੀ ਬੀਰਤਾ, ਰਣ-ਖੇਤਰ ਵਿਚ ਇਸ ਦੀਆਂ ਬਹਾਦਰੀਆਂ ਅਤੇ ਉਸ ਦੀ ਸ਼ਾਨ ਸ਼ੌਕਤ ਦੀ ਸੋਭਾ ਬਿਆਨ ਕੀਤੀ ਹੈ।

ਇਨ੍ਹਾਂ ਸੀ-ਹਰਫ਼ੀਆਂ ਦੀ ਵਡਿਆਈ ਇਸ ਗੱਲ ਵਿਚ ਹੈ ਕਿ ਇਨ੍ਹਾਂ ਦਾ ਲੇਖਕ ਹਰੀ ਸਿੰਘ ਨਲਵੇ ਦੀ ਬੀਰਤਾ ਅਤੇ ਪ੍ਰਾਪਤੀਆਂ ਨੂੰ ਇਕ ਪੰਜਾਬ-ਹਿਤੈਸ਼ੀ ਦੇ ਮਨੋਭਾਵਾਂ ਨਾਲ ਪੇਸ਼ ਕਰਦਾ ਹੈ।

ਇਸ ਯੁੱਧ-ਕਾਵਿ ਦਾ, ਜੋ ਅਸਲ ਵਿਚ ਛੇ ਸੀ-ਹਰਫ਼ੀਆਂ ਵਿਚ ਵੰਡੀ ਹੋਈ ਹੈ, ਸਭ ਤੋਂ ਨਾਟਕੀ ਤੇ ਕਰੁਣਾਮਈ ਚਿੱਤਰ ਜਮਰੋਦ ਦੀ ਲੜਾਈ ਵਿਚ ਹਰੀ ਸਿੰਘ ਨਲਵੇ ਦੀ ਸਿਰ ਦਾ ਮੁਲ ਤਾਰ ਕੇ ਪ੍ਰਾਪਤ ਕੀਤੀ ਜਿੱਤ ਦਾ ਵਰਣਨ ਹੈ। ਕਵੀ ਦੀ ਕਲਪਨਾ ਉਸ ਸਾਰੀ ਇਤਿਹਾਸਕ ਘੜੀ ਨੂੰ ਚਿੱਤਰਨ ਵਿਚ ਬੜੀ ਸਫਲ ਰਹੀ ਹੈ ਜਿਸ ਵਿਚ ਕਿ ਪੰਜਾਬ ਦੀਆਂ ਫ਼ੌਜਾਂ ਨੇ ਸਦਾ ਲਈ ਉੱਤਰ-ਪੱਛਮ ਵਲੋਂ ਹੋਣ ਵਾਲੇ ਹਮਲਿਆਂ ਨੂੰ ਰੋਕ ਦਿੱਤਾ ਹੈ।

ਇਨ੍ਹਾਂ ਸੀ-ਹਰਫ਼ੀਆਂ ਵਿਚ ਦੇਸ਼ ਭਗਤੀ ਅਤੇ ਆਪਣੀ ਅਣਖ ਦੀ ਰੱਖਿਆ ਲਈ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਬੜੀ ਅਮੁੱਕ ਪ੍ਰੇਰਨਾ ਭਰੀ ਹੋਈ ਹੈ। ਅਜੋਕੇ ਸੰਕਟ ਦੀ ਘੜੀ ਵਿਚ ਇਸ ਦਾ ਪਾਠ ਸਾਨੂੰ ਭਾਰਤ ਦੀ ਰਾਖੀ ਲਈ ਜੂਝਣ ਲਈ ਟੁੰਬਣ ਦੀ ਸ਼ਕਤੀ ਰਖਦਾ ਹੈ।

ਇਹ ਸੀ-ਹਰਫ਼ੀਆਂ ਡਲਵਾਲ ਜ਼ਿਲਾ ਜਿਹਲਮ ਨਿਵਾਸੀ ਮਿੱਸਰ ਹਰੀ ਚੰਦ 'ਕਾਦਰਯਾਰ' ਨੇ ਪੁਰਾਣੇ ਕਵੀ ਕਾਦਰਯਾਰ ਦੀ 'ਵਾਰ ਸਰਦਾਰ ਹਰੀ ਸਿੰਘ ਨਲਵਾ' ਤੋਂ ਉਤਸਾਹ ਲੈ ਕੇ ਲਿਖੀਆਂ ਅਤੇ ਸਨ ੧੯੨੪ ਵਿਚ 'ਹਰੀ ਸਿੰਘ ਨਲਵਾ ਯਾ ਜੰਗ ਪਿਸ਼ਾਵਰ ਮਾਬੈਨ ਸਿੱਖਾਂ ਵਾ ਅਫ਼ਗਾਨਾਂ ਬ-ਅਹਿਦਿ ਮਹਾਰਾਜਾ ਰਣਜੀਤ ਸਿੰਘ ਜੀ ਮਹਾਰਾਜਾ' ਦੇ ਨਾਉਂ ਹੇਠ ਮਨੋਹਰ ਪ੍ਰੈਸ ਸਰਗੋਧਾ ਤੋਂ ਲਾਲਾ ਮਨੋਹਰ ਲਾਲ ਦੂਆ ਦੇ ਪ੍ਰਬੰਧ ਹੇਠ ਛਪਵਾਈਆਂ ਸਨ। ਮੈਨੂੰ ਇਨ੍ਹਾਂ ਦੀ ਇਕ ਅਧੂਰੀ ਕਾਪੀ ਸੁਰਗਵਾਸੀ ਲਾਲਾ ਸੀਤਾ ਰਾਮ ਜੀ ਕੋਹਲੀ ਪਾਸੋਂ ਸਨ ੧੯੩੧ ਵਿਚ ਮਿਲੀ ਸੀ, ਜਿਸ ਨੂੰ ਮੈਂ ਬਾਬਾ ਪ੍ਰੇਮ ਸਿੰਘ ਜੀ ਹੋਤੀ ਵਾਲਿਆਂ ਦੀ ਕਾਪੀ ਨਾਲ ਜਨਵਰੀ ੧੯੫੦ ਵਿਚ ਮਿਲਾਇਆ ਅਤੇ ਸੋਧਿਆ ਸੀ।

---

*ਇਸ ਗੱਲ ਦੀ ਪੁਸ਼ਟੀ ਕਰਦਾ ਹੋਇਆ ਸੱਯਦ ਮੁਹੰਮਦ ਲਤੀਫ਼ ਆਪਣੀ ਪੁਸਤਕ 'ਹਿਸਟਰੀ ਔਫ਼ ਦੀ ਪੰਜਾਬ' (ਸੰਨ ੧੮੯੧) ਵਿਚ ਲਿਖਦਾ ਹੈ ਕਿ—

Such was the dread in which the Afghans held him, that to this day the nane HARIA is repeated by mothers in Peshawar and its neighbourhood in frightening their little children [Page 383].

ਅਰਥਾਤ :

ਉਸ ਦਾ ਪਠਾਣਾਂ ਉੱਤੇ ਅਜਿਹਾ ਭੌ ਬੈਠਾ ਹੋਇਆ ਸੀ ਕਿ ਅੱਜ ਤਕ ਪਿਸ਼ਾਵਰ ਅਤੇ ਇਸ ਦੇ ਆਲੇ ਦੁਆਲੇ ਵਿਚ ਮਾਵਾਂ ਆਪਣੇ ਛੋਟੇ ਬੱਚਿਆਂ ਨੂੰ ਡਰਾਉਣ ਲਈ ਮੁੜ ਮੁੜ ਹਰੀਆ [ਹਰੀ ਸਿੰਘ] ਦਾ ਨਾਉਂ ਵਰਤਦੀਆਂ ਹਨ।

ਜੇ ਇਹ 'ਸੀ-ਹਰਫੀਆਂ' ਪੰਜਾਬ ਦੇ ਨੌਜਵਾਨਾਂ ਨੂੰ ਆਪਣੇ ਦੇਸ਼ ਦੀ ਰੱਖਿਆ ਲਈ ਉਤਸਾਹ ਅਤੇ ਹੁਲਾਰਾ ਦੇਣ ਵਿਚ ਕੁਝ ਭੀ ਸਹਾਈ ਹੋ ਸਕਣ, ਜਿਸ ਦੀ ਕਿ ਮੈਨੂੰ ਪੂਰੀ ਆਸ ਹੈ, ਤਾਂ ਮੈਂ ਆਪਣੀ ਇਸ ਸੇਵਾ ਨੂੰ ਸਫਲ ਹੋ ਗਈ ਸਮਝਾਂਗਾ ।

**ਗੰਡਾ ਸਿੰਘ**

ਪਟਿਆਲਾ
੨੦ ਸਤੰਬਰ, ੧੯੬੫

ਬਿਗਲ ਵੱਜਦਾ ਜਦੋਂ ਲੜਾਈ ਵਾਲਾ
ਰੋਹ ਚੜ੍ਹ ਜਾਂਦੈ ਸਿੰਘਾਂ ਸਾਰਿਆਂ ਨੂੰ।
ਉੱਠ ਬੁੱਕਦੇ ਜਾ ਮੈਦਾਨ ਅੰਦਰ
ਖੰਡੇ ਫੜ ਕੇ ਹੱਥ ਦੋ-ਧਾਰਿਆਂ ਨੂੰ।
ਜਿਹੜਾ ਅੜੇ ਅੱਗੇ ਓਹਨੂੰ ਝਾੜ ਦਿੰਦੇ
ਭੌਂਏ ਲਾਹ ਦਿੰਦੇ ਵੈਰੀ ਭਾਰਿਆਂ ਨੂੰ।
ਉੱਚੀ ਫ਼ਤਿਹ ਅਕਾਲ ਦੀ ਜਦੋਂ ਗੱਜੇ
ਦਿੱਸੇ ਰਾਹ ਨਾ ਗ਼ਾਜ਼ੀਆਂ ਹਾਰਿਆਂ ਨੂੰ।

ਸਜ-ਧੱਜ ਜਿਉਂ ਟਿਲਿਓਂ ਚੜ੍ਹੇ ਬਦਲ
ਤਿਵੇਂ ਗੱਜ ਕੇ ਜੰਗ ਤੇ ਚੜ੍ਹਾਂਗਾ ਮੈਂ।
ਵਾਂਗ ਸ਼ੇਰ ਦੇ ਹੋ ਦਲੇਰ ਯਾਰੋ
ਹੱਥ ਵਿਚ ਸ਼ਮਸ਼ੇਰ ਨੂੰ ਫੜਾਂਗਾ ਮੈਂ।
ਕਾਦਰਯਾਰ ਰੱਬ ਵੱਾਲੀ ਮਵੱਾਲੀਆਂ ਦਾ
ਨਾਲ ਜ਼ੋਰ ਪਸ਼ੌਰ ਵਿਚ ਵੜਾਂਗਾ ਮੈਂ।

# ਸੀ-ਹਰਫ਼ੀਆਂ ਹਰੀ ਸਿੰਘ ਨਲਵਾ

## ਜੰਗ ਪਸ਼ੌਰ ਸਿੰਘਾਂ ਤੇ ਪਠਾਣਾਂ ਦੀ

—o—

### ਸੀ-ਹਰਫ਼ੀ ਅੱਵਲ

ਅਲਫ਼ ਓਸ ਅੱਲਖ ਨੂੰ ਯਾਦ ਰਖੀਏ
ਜੇਹੜਾ ਕੱਖ ਤੋਂ ਲੱਖ ਬਣਾਂਵਦਾ ਜੀ ।
ਮੁਰਦੇ ਦਿਲਾਂ ਨੂੰ ਪਲਾਂ ਵਿਚ ਸ਼ੇਰ ਕਰਦਾ
ਜਦੋਂ ਮੇਹਰ ਦੀ ਬੂੰਦ ਵਸਾਂਵਦਾ ਜੀ ।
ਤਖ਼ਤੋਂ ਵਖ਼ਤ ਤੇ ਸਖ਼ਤੀਓਂ ਨੇਕ-ਬਖ਼ਤੀ
ਓਹਦਾ ਅੰਤ ਹਿਸਾਬ ਨਾਂ ਆਂਵਦਾ ਜੀ ।
ਕਾਦਰ ਯਾਦ ਹੈ ਸੁੱਖ ਵਿਚਾਰ ਦੇ ਵਿਚ
ਜਿਵੇਂ ਆਪ ਹੈ ਨਾਨਕ ਫ਼ਰਮਾਂਵਦਾ ਜੀ ॥੧॥

ਅਲਫ਼ ਓਸ ਜੇਹਾ ਨਹੀਂ ਹੋਰ ਕੋਈ
ਯਾਰੋ ਓਸ ਦਾ ਕਰਨਾ ਧਿਆਨ ਚੰਗਾ ।
ਜੀਂਦੇ ਹੀ ਜ਼ਬਾਨ ਥੀਂ ਓਹੋ ਨਿਕਲੇ
ਧਿਆਨ ਓਸ ਦੇ ਵਿੱਚ ਮਰ ਜਾਣ ਚੰਗਾ ।
ਤੇ ਚੋਰੀ ਕੱਲੋਂ ਚੰਗਾ ਮੰਗ ਖਾਣਾ
ਯਾਰੋ ਮੰਗਣੇ ਤੋਂ ਮੌਹਰਾ ਖਾਣ ਚੰਗਾ ।
ਕਾਦਰ ਯਾਦ ਚੰਗੀ ਗੱਲਾਂ ਚੰਗੀਆਂ ਚੋਂ
ਐਪਰ ਸਬ ਤੋਂ ਓਸ ਦਾ ਗਿਆਨ ਚੰਗਾ ॥੨॥

ਬੇ ਬਹੁਤ ਸੁਲਤਾਨ ਜਹਾਨ ਅੰਦਰ
ਆਲੀ-ਸ਼ਾਨ ਵੱਡੇ ਸ਼ਾਹ-ਜ਼ੋਰ ਹੋ ਗਏ ।
ਫ਼ਰਾਊਨ ਸ਼ਦੱਾਦ ਨੇ ਬਾਗ ਲਾਇਆ
ਪਾਇਲਾਂ ਪਾਂਵਦੇ ਵਾਂਗਰ ਮੋਰ ਹੋ ਗਏ ।
ਜਦੋਂ ਚੋਰ ਕਜ਼ਾ ਦਾ ਆਣ ਪਿਆ
ਰੰਗ ਤਿਨ੍ਹਾਂ ਦੇ ਹੋਰ ਦੇ ਹੋਰ ਹੋ ਗਏ ।

ਕਾਦਰਯਾਰ ਸਮਿਆਨ ਸਭ ਰਹੇ ਏਥੇ
ਤੇ ਬਣਾਨ ਵਾਲੇ ਵਿਚ ਗੋਰ ਹੋ ਗਏ ॥੩॥ ...

ਤੇ ਤਮਾਮ ਔਸਾਫ਼ ਇਨਸਾਨ ਵਿਚੋਂ
ਕੋਈ ਨਹੀਂ ਬਹਾਦੁਰੀ ਤੁੱਲ ਮੀਆਂ।
ਜੇਹੜਾ ਮਰਦ ਹਠ ਹਾਰ ਹੋ ਸਰਦ ਜਾਵੇ
ਰੰਗ ਜ਼ਰਦ ਬਸੰਤ ਦਾ ਫੁੱਲ ਮੀਆਂ।
ਤਹਿਕੀਕ ਓਹ ਮਰਦ ਨਹੀਂ ਹੀਜੜਾ ਹੈ
ਗੱਲ ਬਰੀਕ ਨਾ ਜਾਵਣੀ ਭੁੱਲ ਮੀਆਂ।
ਕਾਦਰਯਾਰ ਬਹਾਦੁਰੀ ਮੁੱਲ ਪਾਂਦੀ
ਜਦੋਂ ਆ ਜਾਂਦੀ ਸਿਰ ਤੇ ਝੁੱਲ ਮੀਆਂ ॥੫॥

ਸੇ ਸਾਬਤੀ ਸੁਣ ਕੇ ਬਹਾਦੁਰਾਂ ਦੀ
ਦਿਲ ਪੀਂਘ ਦਾ ਐਸ਼ ਉਲਾਰਿਆਂ ਵਿਚ।
ਰੂਹ ਖ਼ੁਸੀ ਦੇ ਨਾਲ ਵਸਾਲ ਕਰਦਾ
ਆਸ਼ਿਕ ਮਸਤ ਜਿਉਂ ਖ਼ਿਆਲ ਪਿਆਰਿਆਂ ਵਿਚ।
ਰਣਜੀਤ ਸਿੰਘ ਸਰਕਾਰ ਦੇ ਅਫ਼ਸਰਾਂ ਨੂੰ
ਡਿੱਠਾ ਨਜ਼ਰ ਮੈਂ ਪਾ ਕੇ ਸਾਰਿਆਂ ਵਿਚ।
ਕਾਦਰਯਾਰ ਬਹਾਦੁਰਾਂ ਵਿਚ ਚਮਕੇ
ਹਰੀ ਸਿੰਘ ਜਿਉਂ ਚੰਨ ਸਤਾਰਿਆਂ ਵਿਚ ॥੬॥

ਜੀਮ ਜੰਗ ਜਾ ਵੱਡਾ ਅੜਾਈ ਦੂਲਾ
ਜਾਣੇ ਖ਼ੂਬ ਲੜਾਈ ਦੇ ਢੰਗ ਮੀਆਂ।
ਜੁਰਤ ਫੁਰਤ ਉਸ ਤੇਜ਼ ਪਲੰਗ ਵਾਲੀ
ਹੋਵਣ ਸੂਰਮੇ ਦੇਖ ਕੇ ਦੰਗ ਮੀਆਂ।
ਘੋੜੇ ਹੋ ਅਸਵਾਰ ਤਲਵਾਰ ਫੜਦਾ
ਚੜ੍ਹਦਾ ਆ ਗੁਲਨਾਰ ਦਾ ਰੰਗ ਮੀਆਂ।
ਕਾਦਰਯਾਰ ਲੰਗੋਟੀਆ ਯਾਰ ਗੂਹੜਾ
ਰਹਿੰਦਾ ਨਿੱਤ ਸਰਕਾਰ ਦੇ ਸੰਗ ਮੀਆਂ ॥੭॥ ...

ਸੀਨ ਸੁਖ ਦੇ ਵਿਚ ਜਦ ਮੁੱਦਤ ਗੁਜ਼ਰੀ
ਮਹਾਰਾਜ ਨੇ ਮੁਲਕ ਵਲ ਧਿਆਨ ਕੀਤਾ।
ਆਖੇ ਬਹੁਤ ਚਿਰ ਸੁਖ ਦਾ ਹੋ ਚਾਕਰ
ਜੀਉੜਾ ਇਸ ਦੇ ਵਿਚ ਗ਼ਲਤਾਨ ਕੀਤਾ।

ਅੱਗੋਂ ਈਣ ਨਾ ਏਸ ਦੀ ਮੰਨਸਾਂ ਮੈਂ
ਪੁਖ਼ਤਾ ਦਿਲ ਦੇ ਵਿਚ ਪੈਮਾਨ ਕੀਤਾ।
ਕਾਦਰਯਾਰ ਦਰਬਾਰ ਲਗਾਵਣੇ ਦਾ
ਮਹਾਰਾਜ ਨੇ ਚੱਕ ਫ਼ਰਮਾਨ ਕੀਤਾ ॥੧੫॥

ਸੀਨ ਸ਼ੌਕ ਦੇ ਨਾਲ ਤਿਆਰ ਹੋ ਕੇ
ਆਏ ਸਿੰਘ ਸਰਦਾਰ ਦਲੇਰ ਯਾਰੋ।
ਸੰਮਣ ਬੁਰਜ ਵਿਚ ਆ ਕੇ ਬੈਠ ਜਾਂਦੇ
ਮਹਾਰਾਜ ਦੇ ਚਾਰ ਚੁਫੇਰ ਯਾਰੋ।
ਸਿੰਘ ਸੂਰਮੇ ਚਿਤਰਿਆਂ ਵਾਂਗ ਚਾਤਰ
ਮਹਾਰਾਜ ਝੂਲੇ ਵਿਚ ਸ਼ੇਰ ਯਾਰੋ।
ਕਾਦਰਯਾਰ ਹੈ ਸ਼ੇਰਾਂ ਨੇ ਮਾਸ ਖਾਣਾ
ਗੱਲ ਸਮਝਣੋਂ ਕਰੋ ਨਾ ਦੇਰ ਯਾਰੋ ॥੧੬॥

ਸੁਆਦ ਸਾਫ਼ ਇਹ ਹਾਲ ਮਲੂਮ ਮੈਨੂੰ
ਮਹਾਰਾਜ ਨੇ ਸੁਖਨ ਅਲਾਇਆ ਜੀ।
ਤੁਸਾਂ ਗਾਜ਼ੀਆਂ ਸਿਰਾਂ ਦੀਆਂ ਬਾਜ਼ੀਆਂ ਲਾ
ਸਾਡਾ ਨਾਮਣਾ ਸ਼ੋਖ਼ ਕਰਾਇਆ ਜੀ।
ਮੁਜ਼ੱਫ਼ਰ ਖਾਨ ਪਠਾਣ ਮੁਲਤਾਨ ਵਾਲਾ
ਜ਼ਰਾ ਤਾਬ ਨਾ ਤੁਸਾਂ ਦੀ ਲਿਆਇਆ ਜੀ।
ਕਾਦਰਯਾਰ ਕਸ਼ਮੀਰ ਨੂੰ ਮਾਰ ਕੇ ਤੇ
ਏਹ ਮੁਲਕ ਪੰਜਾਬ ਵਧਾਇਆ ਜੀ ॥੧੭॥

ਜ਼ੁਆਦ ਜ਼ਰੂਰ ਹੈ ਦਿਲ ਦੀ ਮੁਰਾਦ ਮੇਰੀ
ਜ਼ਰਾ ਹੋਰ ਉੱਚੀ ਗੁੱਡੀ ਚਾੜ੍ਹੀਏ ਜੀ।
ਸ਼ਾਹ ਮਹਿਮੂਦ ਪਠਾਣ ਹੈ ਤਾਣ ਵਾਲਾ
ਜ਼ਰਾ ਉਸ ਨੂੰ ਚਲ ਵੰਗਾਰੀਏ ਜੀ।
ਰਹਿਸੀ ਵਿਚ ਜਹਾਨ ਦੇ ਨਾਮ ਯਾਰੋ
ਮਰਨ ਮਾਰਨੋਂ ਮੂਲ ਨਾ ਹਾਰੀਏ ਜੀ।
ਕਾਦਰਯਾਰ ਚਲ ਅਟਕ ਨੂੰ ਗਾਹਣ ਪਾ ਕੇ
ਸਿੱਧਾ ਜਾ ਪਸ਼ੌਰ ਨੂੰ ਮਾਰੀਏ ਜੀ ॥੧੮॥

ਤੋਏ ਤਲਬ ਮੈਨੂੰ ਉਸ ਸੂਰਮੇ ਦੀ
ਜੇਹੜਾ ਬੀੜਾ ਪਸ਼ੌਰ ਦਾ ਆਨ ਚੁੱਕੇ।
ਲੈ ਕੇ ਫੌਜ ਦਰਿਆ ਦੀ ਮੌਜ ਵਾਂਗੂੰ
ਸਿੱਧਾ ਜਾ ਨਜ਼ਦੀਕ ਪਠਾਣ ਢੁੱਕੇ।

ਬਣ ਜੁਆਨ ਤੇ ਤੀਰ ਕਮਾਨ ਫੜ ਕੇ
ਵਾਂਗ ਕਿੱਲੇ ਦੇ ਵਿਚ ਮੈਦਾਨ ਠੁੱਕੇ ।
ਕਾਦਰਯਾਰ ਕਰਤਾਰ ਨੂੰ ਯਾਦ ਕਰ ਕੇ
ਮਰਨ ਮਾਰਨੋਂ ਜ਼ਰਾ ਨਾ ਜਾਨ ਉੱਕੇ ॥੧੯॥

ਜ਼ੋਏ ਜ਼ਾਹਰਾ ਨਿੱਤਰਿਆ ਮਿੱਤਰ ਪਿਆਰਾ
ਹਰੀ ਸਿੰਘ ਦਲੇਰ ਸਰਦਾਰ ਯਾਰੋ ।
ਨਾਲ ਤੌਰ ਪਸ਼ੌਰ ਦਾ ਚੁਕ ਬੀੜਾ
ਰੱਖਿਆ ਮੂੰਹ ਵਿਚਕਾਰ ਯਾਰੋ ।
ਬੇ-ਝੱਕ ਉਠਾ ਕੇ ਜ਼ਿਮੀਂ ਉੱਤੋਂ
ਬੱਧੀ ਲਕ ਦੇ ਨਾਲ ਤਲਵਾਰ ਯਾਰੋ ।
ਕਾਦਰਯਾਰ ਪਸ਼ੌਰ ਦੇ ਮਾਰਨੇ ਨੂੰ
ਹਰੀ ਸਿੰਘ ਹੋ ਗਿਆ ਤਿਆਰ ਯਾਰੋ ॥੨੦॥

ਐਨ ਆਜਜ਼ੀ ਦੇ ਨਾਲ ਅਰਜ਼ ਸੁਣ ਲੈ
ਹਰੀ ਸਿੰਘ ਸ਼ਰਮਾ ਕੇ ਬੋਲਿਆ ਜੀ ।
ਤੇਰੇ ਕਦਮਾਂ ਦੀ ਖ਼ਾਕ ਤੋਂ ਲੱਖ ਵਾਰੀ
ਅਸਾਂ ਜਿੰਦੜੀ ਪਿਆਰੀ ਨੂੰ ਘੋਲਿਆ ਜੀ ।
ਉਤੇ ਰੱਬ ਰਹੀਮ ਹੈ ਗੁਰੂ ਸੱਚਾ
ਹੇਠ ਜ਼ਿਮੀ ਤੇ ਤੁਸਾਂ ਨੂੰ ਟੋਲਿਆ ਜੀ ।
ਕਾਦਰਯਾਰ ਹਾਂ ਅਸੀਂ ਮੁਰੀਦ ਪੱਕੇ
ਏਸ ਵਾਸਤੇ ਹਾਲ ਨੂੰ ਫੋਲਿਆ ਜੀ ॥੨੧॥

ਗ਼ੈਨ ਗ਼ਰਜ਼ ਏਹਾ ਨਾਲੇ ਫ਼ਰਜ਼ ਏਹਾ
ਹੋਰ ਮਰਜ਼ ਏਹਾ ਮੈਨੂੰ ਲੜਨ ਦਿਓ ।
ਚਾਰ ਰੋਜ਼ ਦਾ ਰੰਗ ਜਹਾਨ ਉੱਤੇ
ਲੈ ਕਮਾਨ ਹੁਣ ਜੰਗ ਤੇ ਚੜ੍ਹਨ ਦਿਓ ।
ਬਲੀ ਗੁਰੂ ਗੋਬਿੰਦ ਸਿੰਘ ਯਾਦ ਕਰ ਕੇ
ਅੱਜ ਜਾਨ ਨੂੰ ਤਲੀ ਤੇ ਧਰਨ ਦਿਓ ।
ਕਾਦਰਯਾਰ ਯਾ ਮਰਨ ਮੈਦਾਨ ਦੇ ਵਿੱਚ
ਯਾ ਕਿ ਫਤਿਹ ਪਸ਼ੌਰ ਨੂੰ ਕਰਨ ਦਿਓ ॥੨੨॥

ਫ਼ੇ ਫ਼ਰਕ ਨਾਂ ਲੜਨ ਵਿਚ ਜ਼ਰਾ ਆਵੇ
ਵਾਂਗ ਬਰਕ ਦੇ ਕੜਕ ਕੇ ਬੜ੍ਹਾਂਗਾ ਮੈਂ

ਸਜ ਧਜ ਜਿਉਂ ਟਿੱਲਿਓਂ ਚੜ੍ਹੇ ਬੱਦਲ
ਤਿਵੇਂ ਗੱਜ ਕੇ ਜੰਗ ਤੇ ਚੜ੍ਹਾਂਗਾ ਮੈਂ।
ਵਾਂਗ ਸ਼ੇਰ ਦੇ ਹੋ ਦਲੇਰ ਯਾਰੋ
ਹੱਥ ਵਿਚ ਸ਼ਮਸ਼ੇਰ ਨੂੰ ਫੜਾਂਗਾ ਮੈਂ।
ਕਾਦਰਯਾਰ ਰੱਬ ਵਾਲੀ ਮਵਾਲੀਆਂ ਦਾ
ਨਾਲ ਜ਼ੋਰ ਪਸ਼ੌਰ ਵਿਚ ਵੜਾਂਗਾ ਮੈਂ ॥੨੩॥

ਕਾਫ਼ ਕਦੀ ਨਾ ਮੂੰਹ ਤੇ ਸਿਫ਼ਤ ਕਰੀਏ
ਮਹਾਰਾਜ ਨੇ ਹੱਸ ਪੁਕਾਰਿਆ ਜੀ।
ਕੋਈ ਦਮ ਲਹੌਰ ਵਿਚ ਮਾਣ ਮੌਜਾਂ
ਸਾਡਾ ਕੰਮ ਤੂੰ ਬਹੁਤ ਸਵਾਰਿਆ ਜੀ।
ਸਿਆਲਕੋਟ ਇਕ ਚੋਟ ਦੇ ਨਾਲ ਲਿਆ
ਫੇਰ ਜਾ ਧਮਤੌੜ ਨੂੰ ਮਾਰਿਆ ਜੀ।
ਕਾਦਰਯਾਰ ਹਜ਼ਾਰੇ ਨੂੰ ਮਾਰ ਕੇ ਤੇ
ਪੈਰ ਪੱਖਲੀ ਵਿਚ ਪਸਾਰਿਆ ਜੀ ॥੨੪॥

ਗਾਫ਼ ਗਿਣੇ ਨਹੀਂ ਜਾਂਵਦੇ ਕੰਮ ਤੇਰੇ
ਕੀਤੀ ਤੰਮ ਤੂੰ ਨਾਲ ਤਲਵਾਰ ਪਿਆਰੇ।
ਜੰਗੀ ਸ਼ੇਰ ਦਲੇਰ ਮੂੰਹ ਫ਼ੇਰ ਦੇਵਨ
ਨੰਗੀ ਕਰੇਂ ਜਾਂ ਤੇਗ ਦੀ ਧਾਰ ਪਿਆਰੇ।
ਦਮਤਾਰ ਰਫ਼ਤਾਰ ਗੁਫ਼ਤਾਰ ਸੋਹਣੀ
ਤੇਰੇ ਜਿਹਾ ਕੋਈ ਵਿਰਲਾ ਸਵਾਰ ਪਿਆਰੇ।
ਕਾਦਰਯਾਰ ਹੈ ਤੂੰ ਸੱਜੀ ਬਾਂਹ ਮੇਰੀ
ਜਾਣੇ ਆਪ ਸੱਚਾ ਕਰਤਾਰ ਪਿਆਰੇ ॥੨੫॥

ਲਾਮ ਲੁਟ ਲੈ ਮੌਜ ਬਹਾਰ ਕੋਈ ਚਿਰ
ਚਾਰ ਰੋਜ਼ ਦਾ ਹੈ ਜਹਾਨ ਸਿੰਘ ਜੀ।
ਨਹੀਂ ਮਾਲ ਦੀ ਕੁਝ ਪਰਵਾਹ ਤੈਨੂੰ
ਨਾਲ ਐਸ਼ ਦਿਨ ਕਰੇ ਗੁਜ਼ਾਰਨ ਸਿੰਘ ਜੀ।
ਕੋਈ ਰੋਜ਼ ਸਰੀਰ ਨੂੰ ਸੁਖ ਦਿਓ
ਬਹੁਤ ਦੁਖ ਝੱਲੇ ਤੇਰੀ ਜਾਨ ਸਿੰਘ ਜੀ।
ਕਾਦਰਯਾਰ ਕਿਸੇ ਹੋਰ ਸੂਰਮੇ ਨੂੰ
ਦਿਓ ਲੜਨ ਹੁਣ ਵਿਚ ਮੈਦਾਨ ਸਿੰਘ ਜੀ ॥੨੬

ਮੀਮ ਮੁਖ ਥੀਂ ਕਦੀ ਸਰਦਾਰ ਬੋਲੇ
ਹੱਥ ਰੱਖ ਤਲਵਾਰ ਦੀ ਮੁੱਠ ਉੱਤੇ

ਅਸੀਂ ਨਾਲ ਪਠਾਣਾਂ ਦੇ ਲੜਾਂਗੇ ਜੀ
ਜਾ ਕੇ ਤੋੜ ਪਸ਼ੌਰ ਦੀ ਗੁੱਠ ਉੱਤੇ ।
ਸ਼ਾਹ ਮਹਿਮੂਦ ਨੂੰ ਮਾਰ ਕੇ ਪਾਰ ਕਰੀਏ
ਭਾਵੇਂ ਹੋਵੇ ਅਸਵਾਰ ਉਹ ਉੱਠ ਉੱਤੇ ।
ਕਾਦਰਯਾਰ ਨਾਂ ਪਿਛਾਂ ਨੂੰ ਮੁੜਾਂਗੇ ਜੀ
ਜ਼ਖਮ ਖਾਵਸਾਂ ਨਾ ਕਦੀ ਪੁੱਠ ਉੱਤੇ ॥੨੭॥

ਨੂਨ ਨਹੀਂ ਇਹ ਬਾਤ ਮਨਜ਼ੂਰ ਮੈਨੂੰ
ਹਰੀ ਸਿੰਘ ਨੇ ਫੇਰ ਬਿਆਨ ਕੀਤਾ ।
ਓਸ ਸੁਖਨ ਤੇ ਦਿਆਂਗਾ ਮੈਂ ਪਹਿਰਾ
ਜੇਹੜਾ ਆਪ ਅੱਜ ਨਾਲ ਜ਼ਬਾਨ ਕੀਤਾ ।
ਥੁਕ ਸੁੱਟ ਕੇ ਚੱਟਦਾ ਕੌਣ ਕੋਈ
ਇਹ ਕੰਮ ਤਾਂ ਨਹੀਂ ਸ਼ੈਤਾਨ ਕੀਤਾ ।
ਕਾਦਰਯਾਰ ਓੜਕ ਖ਼ਾਕ ਰਲ ਜਾਣਾ
ਕੇਹੜੀ ਗੱਲ ਦੇ ਵਲ ਧਿਆਨ ਕੀਤਾ ॥੨੮॥

ਵਾਓ ਵਾਸਤੇ ਰੱਬ ਦੇ ਕਰੋ ਕਿਰਪਾ
ਪੂਰਾ ਕਰਨ ਦਿਓ ਮੇਰਾ ਧਰਮ ਮੈਨੂੰ ।
ਤੇਰੇ ਚਰਨਾਂ 'ਚ ਮਰਨ ਦੇ ਕਾਰਨੇ ਜੀ
ਸੱਚੇ ਸਾਹਬ ਨੇ ਦਿੱਤਾ ਹੈ ਜਰਮ ਮੈਨੂੰ ।
ਜੇਕਰ ਲੜਨ ਬੀਂ ਤੁਸੀਂ ਹੁਣ ਮੋੜ ਦੇਸੋ
ਤੋੜ ਮਰਨ ਤੀਕਣ ਰਹਿਸੀ ਵਰਮ ਮੈਨੂੰ ।
ਕਾਦਰਯਾਰ ਕਰੋ ਕਰਮ ਟੁਰਦਿਆਂ ਤੇ
ਪਿੱਛੇ ਮੁੜਦਿਆਂ ਔਂਦੀ ਏ ਸ਼ਰਮ ਮੈਨੂੰ ॥੨੯॥

ਹੇ ਹੈ ਗੁਫ਼ਤਾਰ ਮਨਜ਼ੂਰ ਤੇਰੀ
ਸਰਕਾਰ ਖੰਘੂਰ ਫ਼ਰਮਾਇਆ ਜੀ ।
ਐਸ਼ ਇਸ਼ਰਤ ਦੇ ਫੁੱਲਾਂ ਦਾ ਘੱਤ ਸੇਹਰਾ
ਤੇਰਾ ਹੌਸਲਾ ਅਸਾਂ ਅਜ਼ਮਾਇਆ ਜੀ ।
ਸਾਜ ਸੰਗ ਤੇ ਰੰਗ ਮਹੱਲ ਛੱਡ ਕੇ
ਵਲ ਜੰਗ ਤੇਰਾ ਚਿਤ ਚਾਇਆ ਜੀ ।
ਕਾਦਰਯਾਰ ਦਲੇਰ ਕੋਈ ਵਾਂਗ ਤੇਰੇ
ਮੇਰੇ ਦੇਖਣੇ ਵਿਚ ਨਾ ਆਇਆ ਜੀ ॥੩੦॥

ਯੇ ਯਾਦ ਵਡਿਆਈ ਭਗਵਾਨ ਕਰ ਕੇ
ਲੱਗਾ ਕਰਨ ਸਰਦਾਰ ਚੜ੍ਹਾਈ ਯਾਰੋ ।

ਦੇਖੋ ਵਿੱਚ ਪਠਾਣਾਂ ਦੇ ਘਰ ਜਾ ਕੇ
ਲੱਗਾ ਕਰਨ ਜੁਆਨ ਲੜਾਈ ਯਾਰੋ।
ਧੁੰਮ ਪਈ ਐ ਵਿਚ ਜਹਾਨ ਸਾਰੇ
ਲਗੇ ਖ਼ਾਲਸੇ ਕਰਨ ਚੜ੍ਹਾਈ ਯਾਰੋ।
ਕਾਦਰਯਾਰ ਪਠਾਣ ਸੁਣ ਅੱਗ ਹੋਏ
ਤਪੇ ਤੇਲ ਜਿਉਂ ਵਿਚ ਕੜ੍ਹਾਈ ਯਾਰੋ ॥੩੧॥ ੧।

## ਸੀ-ਹਰਫ਼ੀ ਦੋਮ

ਅਲਫ਼ ਆਣ ਬਿਆਨ ਪਠਾਣ ਕਰਨਾਂ
ਨਾਲ ਧਿਆਨ ਦੇ ਕਨ ਲਗਾਵਣਾ ਜੀ ।
ਥੋੜੇ ਬੋਲ ਵਿਚ ਹਾਲ ਦੁੱਰਾਨੀਆਂ ਦਾ
ਮੁਖ਼ਤਿਸਰ ਮੈਂ ਖੋਲ੍ਹ ਸੁਣਾਵਣਾ ਜੀ ।
ਕੰਮ ਸੂਰਮੇ ਦਾ ਮੂੰਹ ਤੇ ਜ਼ਖਮ ਖਾਣਾ
ਕੰਮ ਸ਼ਾਇਰਾਂ ਓਸ ਨੂੰ ਗਾਵਣਾ ਜੀ ।
ਕਾਦਰਯਾਰ ਕਰਤਾਰ ਨੂੰ ਯਾਦ ਰੱਖੀਏ
ਜਿਸ ਨੇ ਅੰਤ ਵੇਲੇ ਕੰਮ ਆਵਣਾ ਜੀ ॥੧॥

ਬੇ ਬਾਦਸ਼ਾਹ ਕਾਬਲ ਦਾ ਓਸ ਵੇਲੇ
ਹੈਸੀ ਸ਼ਾਹ ਮਹਿਮੂਦ ਅਫ਼ਗਾਨ ਮੀਆਂ ।
ਸੋਹਣੀ ਸ਼ਕਲ ਪਰ ਅਕਲ ਦਾ ਬਹੁਤ ਕੋਤਾ
ਮਸ਼ਾਹੂਰ ਓਹ ਵਿਚ ਜਹਾਨ ਮੀਆਂ ।
ਐਪਰ ਰਬ ਦੀ ਟੇਕ ਸੀ ਉਸ ਉੱਤੇ
ਮਿਲਿਆ ਨੇਕ ਉਸ ਨੂੰ ਬਾਗ਼ਬਾਨ ਮੀਆਂ ।
ਕਾਦਰਯਾਰ ਬਰਕਜ਼ਈ ਸਰਦਾਰ ਭਾਰਾ
ਫ਼ਤਿਹ ਖ਼ਾਨ ਵਜ਼ੀਰ ਜੁਆਨ ਮੀਆਂ ॥੨॥

ਪੇ ਪੂਰਾ ਅਕੀਲ ਸ਼ਕੀਲ ਭਾਰਾ
ਤੇ ਦਲੀਲ ਦਾ ਵੱਡਾ ਦਲੇਰ ਯਾਰੋ ।
ਫ਼ਤਿਹ ਖਾਨ ਵਜ਼ੀਰ ਸੀ ਮਰਦ ਕਾਮਲ
ਗੋਯਾ ਅਸਲ ਦਾ ਕਾਬਲੀ ਸ਼ੇਰ ਯਾਰੋ ।
ਜਿੱਥੇ ਜਾਂਵਦਾ ਸੀ ਫ਼ਤਿਹ ਪਾਂਵਦਾ ਸੀ
ਧੁੰਮ ਪਈ ਏ ਚਾਰ ਚੁਫ਼ੇਰ ਯਾਰੋ ।
ਕਾਦਰਯਾਰ ਆ ਸਿੰਧ ਨੂੰ ਜ਼ੋਰ ਕੀਤਾ
ਸੂਬੇ ਹੋਰ ਨਿਵਾਏ ਸੂ ਢੇਰ ਯਾਰੋ ॥੩॥

ਤੇ ਤਖ਼ਤ ਤੇ ਬਹਿੰਦਾ ਸੀ ਸ਼ਾਹ-ਕਾਬੁਲ
ਐਪਰ ਰਾਜ ਵਜ਼ੀਰ ਕਮਾਂਵਦਾ ਸੀ ·

ਬਾਦਸ਼ਾਹ ਉਸੇ ਪਾਸੇ ਮੂੰਹ ਕਰਦਾ
ਜੇਹੜਾ ਰਾਹ ਵਜ਼ੀਰ ਵਖਾਂਵਦਾ ਸੀ ।
ਸ਼ਾਹ ਮਹਿਮੂਦ ਦਾ ਬੇਟਾ ਸੀ ਇਕ ਨਾਮੀ
ਕਾਮਰਾਨ ਉਹ ਨਾਮ ਸਦਾਂਵਦਾ ਸੀ ।
ਕਾਦਰਯਾਰ ਪਰ ਹਸਦ ਦਾ ਤੀਰ ਲੱਗਾ
ਉਹਨੂੰ ਮੂਲ ਵਜ਼ੀਰ ਨਾਂ ਭਾਂਵਦਾ ਸੀ ॥੪॥

ਟੇ ਟੱਕਰਾਂ ਮਾਰਦਾ ਫ਼ਿਕਰ ਅੰਦਰ
ਏਹਾ ਜ਼ਿਕਰ ਸੀ ਓਹਦੇ ਦਹਾਨ ਉੱਤੇ ।
ਕਿਸੇ ਤਰਾਂ ਵਜ਼ੀਰ ਨੂੰ ਦੂਰ ਕਰੀਏ
ਨੂਰ ਚਮਕਿਆ ਜਿਸ ਦਾ ਜਹਾਨ ਉੱਤੇ ।
ਸਾਡਾ ਢੰਗ ਨਾਮੂਸ ਵੈਰਾਨ ਹੋਇਆ
ਜ਼ਿਕਰ ਉਸ ਦਾ ਹਰ ਇਕ ਜ਼ਬਾਨ ਉੱਤੇ ।
ਕਾਦਰਯਾਰ ਨਸੀਬ ਨੇ ਭਾਂਜ ਖਾਧੀ
ਰਾਜ ਕਾਬਲ ਦਾ ਸੀ ਫ਼ਤਿਹ ਖਾਨ ਉੱਤੇ ॥੫॥

ਸੇ ਸਾਬਤੀ ਵੇਖ ਵਜ਼ੀਰ ਵਾਲੀ
ਕਾਮਰਾਨ ਉਸ ਤੋਂ ਥਰ-ਥਰਾਂਵਦਾ ਸੀ ।
ਜ਼ਾਹਰ ਹੋ ਕੇ ਵਾਂਗ ਦਿਲਾਵਰਾਂ ਦੇ
ਹੱਥ ਨਾਲ ਵਜ਼ੀਰ ਨਾ ਪਾਂਵਦਾ ਸੀ ।
ਸਾਰੀ ਫੌਜ ਵਜ਼ੀਰ ਦਾ ਹੁਕਮ ਮੰਨੇ
ਸਾਰਾ ਮੁਲਕ ਓਹਦਾ ਗੀਤ ਗਾਂਵਦਾ ਸੀ ।
ਕਾਦਰਯਾਰ ਪਰ ਖੱਪਰੇ ਸੱਪ ਵਾਂਗੂ
ਕਾਮਰਾਨ ਪਿਆ ਵੱਟ ਖਾਂਵਦਾ ਸੀ ॥੬॥

ਜੀਮ ਜੰਗ ਦਾ ਰੰਗ ਅਚਨਚੇਤ ਬਣਿਆ
ਚੜ੍ਹਿਆ ਕਾਬਲ ਤੇ ਸ਼ਾਹ-ਈਰਾਨ ਮੀਆਂ ।
ਪੂਰੇ ਲੱਖ ਸਵਾਰ ਦੀ ਧਾੜ ਲੈ ਕੇ
ਵੜਿਆ ਆਣ ਉਹ ਮੁਲਕ ਪਠਾਣ ਮੀਆਂ ।
ਸ਼ੇਰ ਮਰਦ ਵੱਡੇ ਕਲਬੂਤ ਵਾਲੇ
ਲੜਨੇ ਵਿਚ ਮਜ਼ਬੂਤ ਪਹਿਲਵਾਨ ਮੀਆਂ ।
ਕਾਦਰਯਾਰ ਆਇਆ ਮਾਰੋ-ਮਾਰ ਕਰਦਾ
ਘੇਰਾ ਪਾਇਆ ਹਿਰਾਤ ਨੂੰ ਆਣ ਮੀਆਂ ॥੭॥

ਚੇ ਚਾੜ੍ਹਿਆ ਸ਼ਾਹ ਮਹਿਮੂਦ ਨੇ ਜੀ
ਫ਼ਤਿਹ ਖ਼ਾਨ ਵਜ਼ੀਰ ਨੂੰ ਜੰਗ ਉੱਤੇ ।

ਆਖੇ ਰੱਖ ਏਥੋਂ ਮੇਰੇ ਯਾਰ ਜਾਨੀ
ਮੇਰੀ ਜ਼ਿੰਦਗਾਨੀ ਤੇਰੇ ਸੰਗ ਉੱਤੇ।
ਤੁਰਤ ਹੋ ਤਿਆਰ ਹੁਸ਼ਿਆਰ ਯਾਰੋ
ਫ਼ਤਿਹ ਖ਼ਾਨ ਰਹਿਆ ਕਾਇਮ ਅੰਗ ਉੱਤੇ।
ਕਾਦਰਯਾਰ ਸ਼ੱਪ ਤਰਫ਼ ਹਿਰਾਤ ਆਇਆ
ਜਿਵੇਂ ਸੱਪ ਫਨੀਅਰ ਆਵੇ ਡੰਗ ਉੱਤੇ ॥੮॥

ਹੇ ਹੁਕਮ ਭਗਵਾਨ ਦਾ ਜਿਵੇਂ ਹੁੰਦਾ
ਤਿਵੇਂ ਵਰਤਦਾ ਵਿਚ ਜਹਾਨ ਮੀਆਂ।
ਫ਼ਤਿਹ ਖ਼ਾਨ ਵਜ਼ੀਰ ਦੀ ਫ਼ਤਿਹ ਹੋਈ
ਭੱਜ ਗਿਆ ਈ ਸ਼ਾਹ ਈਰਾਨ ਮੀਆਂ।
ਚੜ੍ਹੀ ਇਕ ਹੁਲਾਰੇ ਦੇ ਨਾਲ ਯਾਰੋ
ਫ਼ਤਿਹ ਖ਼ਾਨ ਦੀ ਗੁੱਡੀ ਅਸਮਾਨ ਮੀਆਂ।
ਕਾਦਰਯਾਰ ਕੁਲ ਮੁਲਕ ਤੇ ਹੋਈ ਸ਼ਾਦੀ
ਇਕ ਨਹੀਂ ਰਾਜ਼ੀ ਕਾਮਰਾਨ ਮੀਆਂ ॥੯॥

ਖ਼ੇ ਖ਼ੂਬ ਖ਼ੁਸ਼ੀ ਕਾਮਰਾਨ ਕੀਤੀ
ਜ਼ਾਹਰਾ ਬਹੁਤ ਹੋਇਆ ਸ਼ਾਦਮਾਨ ਯਾਰੋ।
ਐਪਰ ਖ਼ੌਫ਼ ਖ਼ੁਦਾ ਦਾ ਦੂਰ ਕਰ ਕੇ
ਦਿਲ ਵਿੱਚ ਹੋਇਆ ਬੇਈਮਾਨ ਯਾਰੋ।
ਘਰ ਸੱਦ ਵਜ਼ੀਰ ਨੂੰ ਵਿੱਚ ਜਲਸੇ
ਲੱਗਾ ਲੈਣ ਅਮੀਰ ਦੀ ਜਾਨ ਯਾਰੋ।
ਕਾਦਰਯਾਰ ਸ਼ੈਤਾਨ ਦੇ ਲੱਗ ਆਖੇ
ਕੀਤਾ ਦੀਨ ਈਮਾਨ ਕੁਰਬਾਨ ਯਾਰੋ ॥੧੦॥

ਦਾਲ ਦੋਸਤੀ ਦੇ ਤੌਰ ਵਿੱਚ ਜਲਸੇ
ਕਾਮਰਾਨ ਵਜ਼ੀਰ ਬੁਲਾਇਆ ਜੀ।
ਆਖੇ ਸਿਰਫ਼ ਤੁਸਾਡੜੀ ਫ਼ਤਿਹ ਖ਼ਾਤਰ
ਏਸੇ ਮਹਿਫ਼ਲ ਨੂੰ ਆਣ ਰਚਾਇਆ ਜੀ।
ਫ਼ਤਿਹ ਖ਼ਾਨ ਵਜ਼ੀਰ ਨੂੰ ਵਿਚ ਮਜਲਸ
ਨਾਲ ਸ਼ਾਨ ਦੇ ਪਾਸ ਬਹਾਇਆ ਜੀ।
ਕਾਦਰਯਾਰ ਪਹਿਲੋਂ ਚਾਰ ਸੌ ਕਾਤਲ
ਖੁਫ਼ੀਆ ਮਹਿਲ ਦੇ ਵਿਚ ਛੁਪਾਇਆ ਜੀ ॥੧੧॥

ਡਾਲ ਡੰਗਣੋਂ ਸੱਪ ਨਹੀਂ ਮੂਲ ਜਾਂਦਾ
ਭਾਵੇਂ ਲਪ ਵਿਚ ਦੁੱਧ ਪਿਲਾ ਮੀਆਂ।

ਬੁਰਾ ਬਾਜ਼ ਬੁਰਾਈ ਥੀਂ ਨਾਂ ਆਵੇ
ਲੱਖ ਭਲਾ ਇਸ ਨਾਲ ਕਮਾ ਮੀਆਂ।
ਪੂਛਲ ਕੁੱਤੇ ਦੀ ਕਦੀ ਨਾ ਹੋਵੇ ਸਿੱਧੀ
ਬਾਰਾਂ ਬਰਸ ਵਿਚ ਨਲ਼ੀ ਦੇ ਪਾ ਮੀਆਂ।
ਕਾਦਰਯਾਰ ਪਰ ਨੀਤ ਤੇ ਮਿਲੇ ਬਦਲਾ
ਭਾਵੇਂ ਲਵੇ ਕੋਈ ਆਜ਼ਮਾ ਮੀਆਂ ॥੧੨॥

ਜ਼ੇ ਜ਼ਿਬਾਹ ਕਸਾਈ ਜਿਵੇਂ ਕਰੇ ਬੱਕਰਾ
ਤਿਵੇਂ ਕਾਤਲਾਂ ਫੜਿਆ ਵਜ਼ੀਰ ਯਾਰੋ।
ਸੂਆ ਅੱਗ ਦੇ ਨਾਲ ਝੱਟ ਲਾਲ ਕਰ ਕੇ
ਅੱਖਾਂ ਸਾੜੀਆਂ ਬੇ-ਤਕਸੀਰ ਯਾਰੋ।
ਹੱਥ ਪੈਰ ਚਾ ਫੇਰ ਆਜ਼ਾਦ ਕੀਤੇ
ਦੋਵੇਂ ਵੱਖੀਆਂ ਦਿੱਤੀਆਂ ਚੀਰ ਯਾਰੋ।
ਕਾਦਰਯਾਰ ਤਰਸਾ ਤਰਸਾ ਕੇ ਤੇ
ਵੱਢ ਸੁੱਟਿਆ ਸਾਰਾ ਸਰੀਰ ਯਾਰੋ ॥੧੩॥

ਰੇ ਰਹਿ ਨਾ ਸਕਿਆ ਭੇਦ ਛੁਪਿਆ
ਖਬਰ ਹੋਈ ਏ ਵਿਚ ਜਹਾਨ ਮੀਆਂ।
ਕਾਮਰਾਨ ਨੇ ਪਿਆਰ ਦੇ ਨਾਲ ਸੱਦ ਕੇ
ਅੱਜ ਮਾਰ ਲਿਆ ਫ਼ਤਿਹ ਖ਼ਾਨ ਮੀਆਂ।
ਅੱਖਾਂ ਸਾੜ ਕੇ ਪਹਿਲੋਂ ਬੇਤਾਬ ਕਰ ਕੇ
ਕੱਢੀ ਨਾਲ ਅਜ਼ਾਬ ਫਿਰ ਜਾਨ ਮੀਆਂ।
ਕਾਦਰਯਾਰ ਕੰਬੀ ਸਾਰੀ ਆਣ ਕਾਬਲ
ਬਦਲਾ ਲੈਣ ਨੂੰ ਚੜ੍ਹੇ ਅਫ਼ਗਾਨ ਮੀਆਂ ॥੧੪॥

ਜ਼ੇ ਜ਼ੋਰ ਤਾਂ ਸ਼ੋਰ ਦਾ ਬਹੁਤ ਹੋਇਆ
ਮੁਲਕ ਵਿਚ ਆ ਪਿਆ ਤਰਥੱਲ ਯਾਰੋ
ਇਕ ਦੂਸਰੇ ਦਾ ਸਿਰ ਕੱਟਣੇ ਨੂੰ
ਜਮਾਂ ਹੋਏ ਪਠਾਣਾਂ ਦੇ ਦੱਲ ਯਾਰੋ।
ਮੁਹੰਮਦ ਅਜ਼ੀਮ ਵਜ਼ੀਰ ਦਾ ਭਾਈ ਸਕਾ
ਬਦਲਾ ਲੈਣ ਕਾਰਣ ਆਇਆ ਚੱਲ ਯਾਰੋ।
ਕਾਦਰਯਾਰ ਆਖੇ ਏਹਾ ਗੱਲ ਮੋਰੀ
ਕਾਮਰਾਨ ਦੀ ਲਾਹਣੀ ਐ ਖੱਲ ਯਾਰੋ ॥੧੫॥

ਸੀਨ ਸਭ ਸਾਮਾਨ ਲੜਾਈ ਦਾ ਜੀ
ਕਾਮਰਾਨ ਨੇ ਆਣ ਤਿਆਰ ਕੀਤਾ।

ਸ਼ਾਹ ਮਹਿਮੂਦ ਆਖੇ ਨਿੱਜ ਜਮਦੋਂ ਤੂੰ
ਪਿਛਲੀ ਉਮਰ ਦੇ ਵਿਚ ਖੁਆਰ ਕੀਤਾ ।
ਹੱਥੀਂ ਆਪਣੀ ਮਾਰ ਗੰਵਾਇਓ ਈ
ਜਿਸ ਨੇ ਨਾਲ ਗੂਹੜਾ ਪਿਆਰ ਕੀਤਾ ।
ਕਾਦਰਯਾਰ ਰੋਂਦਾ ਬਾਦਸ਼ਾਹ ਕਾਬਲ
ਮੈਨੂੰ ਪੁੱਤ ਨੇ ਅਜ ਲਾਚਾਰ ਕੀਤਾ ॥੧੬॥

ਸ਼ੀਨ ਸ਼ੁਰੂ ਲੱਗਾ ਹੋਵਣ ਜੰਗ ਜਲਦੀ
ਬੱਧਾ ਆਣ ਲੜਾਈ ਦਾ ਰੰਗ ਮੀਆਂ ।
ਕਾਮਰਾਨ ਮੈਦਾਨ ਵਿਚ ਆਣ ਵੜਿਆ
ਲੈ ਕੇ ਸ਼ਾਹ ਮਹਿਮੂਦ ਨੂੰ ਸੰਗ ਮੀਆਂ ।
ਮੁਹੰਮਦ ਅਜ਼ੀਮ ਲੜਿਆ ਕਹਿਰ ਨਾਲ ਯਾਰੋ
ਲਹਿਰ ਮਾਰੇ ਦਰਿਆ ਜਿਉਂ ਗੰਗ ਮੀਆਂ ।
ਕਾਦਰਯਾਰ ਕਾਮਰਾਨ ਨੇ ਭਾਂਜ ਖਾਧੀ
ਹੋਇਆ ਕਾਫ਼ੀਆ ਉਸ ਦਾ ਤੰਗ ਮੀਆਂ ॥੧੭॥

ਸੁਆਦ ਸਾੜ ਲੜਾਈ ਨੂੰ ਹਾਰ ਕੇ ਜੀ
ਕਾਮਰਾਨ ਆ ਵੜਿਆ ਹਿਰਾਤ ਯਾਰੋ ।
ਬਾਦਸ਼ਾਹੀ ਦਾ ਸੂਰਜ ਗ਼ਰੂਬ ਹੋਇਆ
ਪਈ ਆਣ ਤਬਾਹੀ ਦੀ ਰਾਤ ਯਾਰੋ ।
ਸ਼ਾਹ ਮਹਿਮੂਦ ਨੂੰ ਕਰਮਾਂ ਨੇ ਮਾਤ ਕੀਤਾ
ਕਿਸੇ ਨਾਲ ਨਾ ਕਰਦਾ ਸੀ ਬਾਤ ਯਾਰੋ ।
ਕਾਦਰਯਾਰ ਹਿਰਾਤ ਬਿਨ ਮੁਲਕ ਸਾਰਾ
ਮਾਰ ਲਿਆ ਬਰਕਜ਼ਈ ਦੀ ਜ਼ਾਤ ਯਾਰੋ ॥੧੮॥

ਜ਼ੁਆਦ ਜ਼ਰੂਰ ਸਰਕਾਰ ਨੂੰ ਖਬਰ ਹੋਈ
ਕਾਬਲ ਵਿਚ ਆ ਪਈਆਂ ਜੇ ਭੰਡੀਆਂ ਜੀ ।
ਆਪਸ ਵਿਚ ਪਠਾਣਾਂ ਦੇ ਫੁਟ ਹੋਈ
ਇੱਕ ਦੂਜੇ ਦੀਆਂ ਵੱਢੀਆਂ ਜੰਡੀਆਂ ਜੀ ।
ਖਾਨਾ-ਜੰਗੀ ਨੇ ਮੁਲਕ ਵੈਰਾਨ ਕੀਤਾ
ਸੈ ਪਠਾਣੀਆਂ ਹੋਗੀਆਂ ਰੰਡੀਆਂ ਜੀ ।
ਕਾਦਰਯਾਰ ਮਹਿਮੂਦ ਨੂੰ ਕੱਢ ਬਾਹਰ
ਕਾਬਲ ਦੇਸ ਦੀਆਂ ਪਾ ਲੀਆਂ ਵੰਡੀਆਂ ਜੀ ॥੧੯॥

ਤੋਏ ਤਲਬ ਸਰਕਾਰ ਨੂੰ ਲੜਨ ਦੀ ਸੀ
ਏਸ ਖਬਰ ਨੇ ਹੋਰ ਹੁਸ਼ਿਆਰ ਕੀਤਾ ।

ਹਰੀ ਸਿੰਘ ਨੂੰ ਆਖਦਾ ਉਠ ਜਲਦੀ
ਸਾਡਾ ਕੰਮ ਆਸਾਨ ਕਰਤਾਰ ਕੀਤਾ।
ਫ਼ਤਿਹ ਖ਼ਾਨ ਵਜ਼ੀਰ ਅਸੀਲ ਗ਼ਾਜ਼ੀ
ਉਹਨੂੰ ਦੁਸ਼ਮਣਾਂ ਮਾਰ ਕੇ ਪਾਰ ਕੀਤਾ।
ਕਾਦਰਯਾਰ ਵਜ਼ੀਰ ਦੇ ਭਾਈਆਂ ਨੇ
ਸ਼ਾਹ ਮਹਿਮੂਦ ਨੂੰ ਝਾੜ ਕੇ ਬਾਹਰ ਕੀਤਾ ॥੨੦॥

ਜ਼ੋਏ ਜ਼ਾਹਰਾ ਧੌਂਸੇ ਨੂੰ ਮਾਰ ਡੰਕਾ
ਸਰਕਾਰ ਤਯਾਰ ਹੋ ਗਈ ਐ ਜੀ।
ਤੁਰਤ ਰਾਵੀ ਦਰਿਆ ਤੋਂ ਪਾਰ ਹੋ ਕੇ
ਛੌਣੀ ਵਿੱਚ ਸ਼ਾਹਦਰੇ ਦੇ ਪਈ ਐ ਜੀ।
ਕੁੱਲ ਜੰਗ ਦੀ ਚੀਜ਼ ਵਲ ਧਿਆਨ ਕੀਤਾ
ਕੋਈ ਗੱਲ ਨਾਂਹੀ ਬਾਕੀ ਰਹੀ ਐ ਜੀ।
ਕਾਦਰਯਾਰ ਤਾਂ ਕੜਕ ਕੇ ਵਾਂਗ ਬਿਜਲੀ
ਸੜਕ ਸ਼ਹਿਰ ਪਸ਼ੌਰ ਦੀ ਲਈ ਐ ਜੀ ॥੨੧॥

ਐਨ ਅਕਲ ਤੇ ਫ਼ਿਕਰ ਤੋਂ ਬਾਹਰ ਯਾਰੋ
ਮਹਾਰਾਜ ਨੇ ਆਣ ਸਮਿਆਨ ਜੋੜੇ।
ਗਰਾਂਡੀਲ ਅਸਵਾਰ ਰੰਗੀਨ ਬਾਂਕੇ
ਵਾਂਗ ਹਰਨ ਦੇ ਚੁੰਗੀਆਂ ਲਾਣ ਘੋੜੇ।
ਤੋਪਾਂ ਗੋਲੇ ਬਾਰੂਦ ਬੇ-ਹੱਦ ਯਾਰੋ
ਹਾਥੀ ਲੜਨ ਵਾਲੇ ਨਹੀਂ ਸਾਹਨ ਥੋੜੇ।
ਕਾਦਰਯਾਰ ਅਕਾਲੀਏ ਨਾਗ ਕਾਲੇ
ਜਿਨ੍ਹਾਂ ਮਾਰ ਕੇ ਮੂੰਹ ਪਠਾਣ ਮੋੜੇ ॥੨੨॥

ਗ਼ੈਨ ਗ਼ਜ਼ਬ ਦੇ ਨਾਲ ਸਰਕਾਰ ਚੜ੍ਹੀ
ਜਿਵੇਂ ਬੱਦਲਾਂ ਦੀ ਕਾਲੀ ਹਾਠ ਮੀਆਂ।
ਆਈ ਸੱਜਦੀ ਵੱਜਦੀ ਗੱਜਦੀ ਜੀ
ਲੈ ਕੇ ਕੁੱਲ ਲੜਾਈ ਦਾ ਠਾਠ ਮੀਆਂ।
ਨਜੀਬਾਂ ਵਾਲੀਆਂ ਪੜਤਲਾਂ ਅਸਲ ਜੰਗੀ
ਵਾਂਗ ਹਾਥੀਆਂ ਜਿਨ੍ਹਾਂ ਦੇ ਕਾਠ ਮੀਆਂ।
ਕਾਦਰਯਾਰ ਵੰਤੂਰਾ ਜਰਨੈਲ ਚੜ੍ਹਿਆ
ਫ਼ਰਾਂਸੀਸੀ ਸੀ ਸੂਰਮਾ ਰਾਠ ਮੀਆਂ ॥੨੩॥

ਫ਼ੇ ਫ਼ੌਜ ਵਿਚ ਬਹੁਤ ਸਰਦਾਰ ਨਾਮੀ
ਸਿਫ਼ਤ ਕਰ ਨਹੀਂ ਸਕਦਾ ਕਹਿਣ ਵਾਲਾ।

ਇਕ ਦੂਜੇ ਦਾ ਸਾਨੀ ਚਤੁਰਾਈ ਦੇ ਵਿਚ
ਤੇ ਲੜਾਈ ਦੇ ਵਿਚ ਪਛਾਂਹ ਨਾ ਰਹਿਣ ਵਾਲਾ ।
ਐਪਰ ਇੱਕ ਸਰਦਾਰ ਅਜੀਬ ਯਾਰੋ
ਜ਼ਖਮ ਸਾਹਮਣੇ ਮੂੰਹ ਤੇ ਸਹਿਣ ਵਾਲਾ ।
ਕਾਦਰਯਾਰ ਜਹਾਨ ਤੇ ਨਾਮ ਰੌਸ਼ਨ
ਸ਼ਾਮ ਸਿੰਘ ਅਟਾਰੀ ਦੇ ਰਹਿਣ ਵਾਲਾ ॥੨੪॥

ਕਾਫ਼ ਕਈ ਜਰਨੈਲ ਅਸਲ-ਗੋਰਖੇ ਜੀ
ਪਕੜ ਖੋਖਰੀ ਫਿਰਨ ਤਿਆਰ ਮੀਆਂ ।
ਜ਼ੇਰ-ਕੱਦ ਪਰ ਸ਼ੇਰ ਦੇ ਵਾਂਗ ਜੁੱਸਾ
ਬਾਝ ਲੜਨ ਦੇ ਹੋਰ ਨਾਂ ਕਾਰ ਮੀਆ ।
ਲਹਿਣਾ ਸਿੰਘ ਪੰਜ-ਹੱਥਾ ਤੇ ਅਬੂਤਵੇਲਾ
ਅੱਡੇ ਜਿਨ੍ਹਾਂ ਦੇ ਹੱਦ ਥੀਂ ਪਾਰ ਮੀਆਂ ।
ਕਾਦਰਯਾਰ ਪਰ ਸਾਰਿਆਂ ਵਿਚ ਨਾਮੀ
ਹਰੀ ਸਿੰਘ ਨਲਵਾ ਸਰਦਾਰ ਮੀਆਂ ॥੨੫॥

ਗਾਫ਼ ਗੱਜ ਪੈ ਗਈ ਫਿਰ ਜੱਗ ਸਾਰੇ
ਤਖ਼ਤਾ ਆਣ ਪਸ਼ੌਰ ਦਾ ਹੱਲਿਆ ਜੀ ।
ਲੱਗੀ ਤੋੜ ਜਾ ਕਾਬਲ ਨੂੰ ਧਮਕ ਯਾਰੋ
ਸੀਨਾ ਆਣ ਪਠਾਣ ਤਰਥੱਲਿਆ ਜੀ ।
ਯਾਰ ਮੁਹੰਮਦ ਪਠਾਣ ਹੈਰਾਨ ਹੋ ਕੇ
ਸਾਫ਼ ਛਡ ਪਸ਼ੌਰ ਨੂੰ ਚਲਿਆ ਜੀ ।
ਕਾਦਰਯਾਰ ਸਰਕਾਰ ਲੈ ਕਟਕ ਫ਼ੌਜਾਂ
ਕੰਢਾ ਆਣ ਕੇ ਅਟਕ ਦਾ ਮੱਲਿਆ ਜੀ ॥੨੬॥

ਲਾਮ ਲੈ ਕੇ ਹੁਕਮ ਸਰਕਾਰ ਕੋਲੋਂ
ਹਰੀ ਸਿੰਘ ਸਰਦਾਰ ਤਿਆਰ ਹੋਇਆ ।
ਜ਼ਫ਼ਰ-ਜੰਗ ਦੀਵਾਨ ਚੰਦ ਸੰਗ ਲੈ ਕੇ
ਅਟਕ ਝਾਗਣੇ ਨੂੰ ਅਸਵਾਰ ਹੋਇਆ ।
ਲੈ ਕੇ ਬਾਰਾਂ ਹਜ਼ਾਰ ਸਵਾਰ ਜੰਗੀ
ਮਰਨ ਮਾਰਨੇ ਤੇ ਬਰ-ਕਰਾਰ ਹੋਇਆ ।
ਕਾਦਰਯਾਰ ਸਰਕਾਰ ਦੇ ਵੇਹਿੰਦਿਆਂ ਨੂੰ
ਝੱਟ ਅਟਕ ਦਰਿਆ ਤੋਂ ਪਾਰ ਹੋਇਆ ॥੨੭॥

ਮੀਮ ਮੂੰਹ ਪਸ਼ੌਰ ਦੇ ਵਲ ਕੀਤਾ
ਮਸਤ ਸ਼ੇਰ ਜਿਵੇਂ ਆਵੇ ਚੱਲ ਯਾਰੋ ।

ਯਾਰ ਮੁਹੰਮਦ ਪਠਾਣ ਨਾ ਰਿਹਾ ਕਾਇਮ
ਸਾਰਾ ਮਾਲ ਦਿੱਤਾ ਕਾਬਲ ਘੱਲ ਯਾਰੋ ।
ਸਿੰਘ ਵੇਖ ਕੇ ਕਾਬਲ ਦਾ ਰਾਹ ਫੜਿਆ
ਸ਼ਾਹ ਸੋਂਵਦਾ ਵਿਚ; ਨਾਂ ਖੱਲ ਯਾਰੋ ।
ਕਾਦਰਯਾਰ ਪਸ਼ੌਰ ਵਿਚ ਆਣ ਵੜਿਆ
ਹਰੀ ਸਿੰਘ ਹੱਥ ਪਕੜ ਕੇ ਭੱਲ ਯਾਰੋ ॥੨੮॥

ਨੂੰਨ ਨੱਸ ਕੇ ਗਏ ਪਠਾਣ ਸਾਥੋਂ
ਹਰੀ ਸਿੰਘ ਸਰਕਾਰ ਵਲ ਖਬਰ ਘੱਲੇ ।
ਗੱਜ ਸੁਣ ਕੇ ਤੇਰਿਆਂ ਧੌਂਸਿਆਂ ਦੀ
ਖਾਤ ਲੜਨ ਪਰਾਂਹ ਨੂੰ ਭੱਜ ਚੱਲੇ ।
ਅਸਾਂ ਕੱਢੀ ਨਾਂ ਤੇਗ ਮਿਆਨ ਵਿੱਚੋਂ
ਗਾਜ਼ੀ ਜ਼ਰਾ ਨਾਂ ਵਿਚ ਮੈਦਾਨ ਖੱਲੇ
ਕਾਦਰਯਾਰ ਸਰਕਾਰ ਜੀ ਆਓ ਜਲਦੀ
ਅਸਾਂ ਆਣ ਪਸ਼ੌਰ ਦੇ ਰਾਹ ਮੱਲੇ ॥੨੯॥

ਵਾਓ ਵਾਹਗੁਰੂ ਦਾ ਨਾਮ ਲੈ ਮੂੰਹੋਂ
ਮਹਾਰਾਜ ਤਿਆਰ ਹੋ ਉਠ ਧਾਇਆ ।
ਉੱਤੇ ਭੌਰ ਅਰਾਕੀ ਅਸਵਾਰ ਹੋ ਕੇ
ਵਿਚ ਅਟਕ ਦਰਿਆ ਦੇ ਗਾਹਣ ਪਾਇਆ ।
ਸਾਰੀ ਫ਼ੌਜ ਨੇ ਮਗਰ ਵਹੀਰ ਘੱਤੀ
ਪਾਣੀ ਕੰਢਿਆਂ ਦੇ ਉੱਤੇ ਚੜ੍ਹ ਆਇਆ ।
ਕਾਦਰਯਾਰ ਸਰਕਾਰ ਤਲਵਾਰ ਫੜਕੇ
ਝੰਡਾ ਪਾਰ ਦੇ ਕੰਢੇ ਤੇ ਜਾ ਲਾਇਆ ॥੩੦॥

ਹੇ ਹਾਥੀ ਦੇ ਉੱਤੇ ਅਸਵਾਰ ਹੋ ਕੇ
ਮਹਾਰਾਜ ਪਸ਼ੌਰ ਵਿਚ ਆਣ ਵੜਿਆ ।
ਵਜਣ ਲਗੇ ਨੱਕਾਰੇ ਰਬਾਬ ਯਾਰੋ
ਮੂੰਹ ਤੇ ਰੰਗ ਗੁਲਾਬ ਦਾ ਆਣ ਚੜ੍ਹਿਆ।
ਵੜਿਆ ਵਿਚ ਪਹਾੜ ਦੇ ਅਲੀ ਅਕਬਰ
ਦੋਸਤ ਮੁਹਮਦ ਕੰਧਾਰ ਦੇ ਵਿਚ ਦੜਿਆ ।
ਕਾਦਰਯਾਰ ਉਹ ਮਸਤ ਬੇਖ਼ੌਫ਼ ਫਿਰਦਾ
ਜਿਹੜਾ ਦਸਤ ਕਰਤਾਰ ਨੇ ਆਪ ਫੜਿਆ ॥੩੧॥

ਯੇ ਯਾਰੀ ਭਗਵਾਨ ਦੀ ਹਈ ਜਦੋਂ
ਜਾ ਮਾਰਿਆ ਸਿੰਘਾਂ ਪਸ਼ੌਰ ਯਾਰੋ ।

ਜਿਵੇਂ ਬਿਜਲੀ ਨਿਕਲਦੀ ਅੰਬਰਾਂ ਚੋਂ
ਖਬਰ ਗਈ ਏ ਵਿਚ ਲਹੌਰ ਯਾਰੋ ।
ਸਾਰੇ ਵਿਚ ਪੰਜਾਬ ਦੇ ਹੋਈ ਸ਼ਾਦੀ
ਵੱਡੇ ਜਲਸਿਆਂ ਦੇ ਹੋਏ ਜ਼ੋਰ ਯਾਰੋ ।
ਕਾਦਰਯਾਰ ਹਰੀ ਸਿੰਘ ਬਣਾ ਸੂਬਾ
ਮਹਾਰਾਜ ਕੀਤੀ ਘਰ ਨੂੰ ਟੋਰ ਯਾਰੋ ॥੩੨॥੨॥

## ਸੀ-ਹਰਫ਼ੀ ਸੋਮ

ਅਲਫ਼ ਆ ਪਿਸ਼ੌਰ ਦੇ ਵਿਚ ਯਾਰੋ
ਹਰੀ ਸਿੰਘ ਹੁਣ ਰਾਜ ਕਮਾਣ ਲੱਗਾ ।
ਗਜ਼ਬਨਾਕ ਅਫ਼ਗਾਨ ਜੁਆਨ ਪੱਕੇ
ਵਿੱਚੋਂ ਸੂਈ ਦੇ ਨੱਕੇ ਲੰਘਾਣ ਲੱਗਾ ।
ਨਾਲ ਨੱਕ ਸੰਗੀਨ ਮਹੀਨ ਕਰ ਕੇ
ਦੇਖੋ ਆਪਣੀ ਈਣ ਮਨਾਣ ਲੱਗਾ ।
ਕਾਦਰਯਾਰ ਦਲੇਰੀ ਦੇ ਕੰਮ ਕਰ ਕੇ
ਨਾਮ ਆਪਣਾ ਰੌਸ਼ਨ ਕਰਾਣ ਲੱਗਾ ॥੧॥

ਬੇ ਬਹੁਤ ਹੋਇਆ ਉਹਦਾ ਬੋਲ ਬਾਲਾ
ਢੋਲ ਆ ਮਸ਼ਹੂਰੀ ਦਾ ਵੱਜਿਆ ਜੀ ।
ਬਦਮਾਸ਼ ਬੇ-ਪੀਰ ਸ਼ਰੀਰ ਜੇਹੜਾ
ਵਾਂਗ ਕਾਂਗ ਦੇ ਤੀਰ ਤੋਂ ਭੱਜਿਆ ਜੀ ।
ਵੇਖ ਸ਼ਾਹ-ਜ਼ੋਰੀ ਹਰੀ ਸਿੰਘ ਵਾਲੀ
ਯਾਰੋ ਚੋਰਾਂ ਨੇ ਚੋਰੀ ਨੂੰ ਤੱਜਿਆ ਜੀ ।
ਕਾਦਰਯਾਰ ਕੀਤਾ ਬੰਦੋਬਸਤ ਐਸਾ
ਸਾਰਾ ਮੁਲਕ ਜਿਸ ਨੂੰ ਵੇਖ ਰੱਜਿਆ ਜੀ ॥੨॥

ਪੇ ਪਕੜ ਕੇ ਜਕੜਦਾ ਮੁਜਰਮਾਂ ਨੂੰ
ਜ਼ਰਾ ਖ਼ੌਫ਼ ਨਾ ਦਿਲ ਤੇ ਲਿਆਂਵਦਾ ਸੀ ।
ਤ੍ਰਕੱੜੀ ਤੋਲ ਕਚਹਿਰੀ ਵਿਚ ਅਦਲ ਵਾਲੀ
ਫੇਰ ਬੋਲ ਕੇ ਹੁਕਮ ਸੁਣਾਂਵਦਾ ਸੀ ।
ਦਿੱਤੇ ਕਈ ਫਾਹੇ ਕਈ ਕਾਠ ਲਾਏ
ਗੁਨਾਹਗਾਰ ਤੇ ਤਰਸ ਨਾਂ ਖਾਂਵਦਾ ਸੀ ।
ਕਾਦਰਯਾਰ ਪਸ਼ੌਰ ਦੀ ਹੱਦ ਅੰਦਰ
ਦੂਲਾ ਆਪਣਾ ਹੁਕਮ ਚਲਾਂਵਦਾ ਸੀ ॥੩॥

ਤੇ ਤਮਾਮ ਦੇਹਾਤ ਪਿਸ਼ੌਰ ਦੇ ਵਿੱਚ
ਹਰੀ ਸਿੰਘ ਦੀ ਫਿਰੀ ਦੁਹਾਈ ਯਾਰੋ ।

ਪਾਣੀ ਐਸੀ ਪਠਾਣਾਂ ਨੂੰ ਨੱਥ ਜਿਸ ਨੇ
ਸੋਨਾ ਹਥ ਲੈ ਕੇ ਟੁਰਦਾ ਰਾਹੀ ਯਾਰੋ।
ਸੱਭੇ ਚੋਰ ਡਾਕੂ ਉਥੋਂ ਪਰੇ ਹੋਏ
ਜ਼ੋਰ ਕਿਸੇ ਦਾ ਚੱਲੇ ਨਾ ਕਾਈ ਯਾਰੋ।
ਕਾਦਰਯਾਰ ਪਸ਼ੌਰ ਨੂੰ ਸੋਧ ਕੇ ਤੇ
ਧਰਤੀ ਕਾਬਲ ਦੀ ਆਣ ਕੰਬਾਈ ਯਾਰੋ ॥੪॥

ਸੇ ਸਾਬਤੀ ਵੇਖ ਕੇ ਸਿੰਘ ਵਾਲੀ
ਕਾਬਲ ਵਿੱਚ ਪੈਂਦਾ ਹੋਇਆ ਜੋਸ਼ ਮੀਆਂ।
ਚਲੀ ਵਿੱਚ ਕੰਧਾਰ ਵਿਚਾਰ ਯਾਰੋ
ਗਜ਼ਨੀ ਵਿੱਚ ਆ ਪਿਆ ਖ਼ਰੋਸ਼ ਮੀਆਂ।
ਅਸੀਂ ਆਪ ਸਾਰੇ ਹਿੰਮਤ ਹਾਰ ਬੈਠੇ
ਏਸ ਸਿੱਖ ਤੇ ਨਹੀਂ ਕੁਝ ਦੋਸ਼ ਮੀਆਂ।
ਕਾਦਰਯਾਰ ਅਫ਼ਗਾਨ ਸਲਾਹ ਕਰਦੇ
ਉੱਠੋ ਕਰੋ ਏਕਾ ਨਾਲ ਹੋਸ਼ ਮੀਆਂ ॥੫॥

ਜੀਮ ਜਮਾ ਹੋ ਕੇ ਪਗ-ਬੰਨ੍ਹ ਸਾਰੇ
ਵਾਂਗ ਚਿੱਤਰਿਆਂ ਵੱਗ ਦੇ ਵਿਚ ਵੜੀਏ।
ਗੁੱਸਾ ਖਾ ਕੇ ਬਦਨ ਨੂੰ ਤਾ ਦੇ ਕੇ
ਹੱਥ ਵਿਚ ਸ਼ਮਸ਼ੀਰ ਨੂੰ ਖਿੱਚ ਫੜੀਏ।
ਤੇਗਾਂ ਮਾਰ ਕੇ ਸਿੱਖ ਦੀ ਮਿੱਖ ਕੱਢੀਏ।
ਨਾਲ ਤਰਖ ਦੇ ਦਾਨਿਆਂ ਵਾਂਗ ਚੜ੍ਹੀਏ।
ਕਾਦਰਯਾਰ ਪਸ਼ੌਰ ਨੂੰ ਫ਼ਤਿਹ ਕਰ ਕੇ
ਸਿੱਧੇ ਵਿੱਚ ਲਾਹੌਰ ਦੇ ਜਾ ਵੜੀਏ ॥੬॥

ਚੇ ਚੁਸਤ ਹੋ ਕੇ ਕਰੀਏ ਕੰਮ ਆਪਣਾ
ਜ਼ਰਾ ਦਮ ਨਾਂ ਸਿੱਖਾਂ ਨੂੰ ਲੈਣ ਦੇਈਏ।
ਸਾਨੂੰ ਸ਼ਹਿਰ ਪਸ਼ੌਰ ਦਾ ਵਰਮ ਡਾਢਾ
ਇਹ ਸ਼ਰਮ ਨਾਂ ਦਿਲੇ ਨੂੰ ਸਹਿਣ ਦੇਈਏ।
ਸਿੱਖਾਂ ਆਣ ਭਰੀ ਭੋਹ ਖੱਲ ਸਾਡੀ
ਇਹ ਗੱਲ ਨਾਂ ਕਿਸੇ ਨੂੰ ਕਹਿਣ ਦੇਈਏ।
ਕਾਦਰਯਾਰ ਪਸ਼ੌਰ ਹਰ ਤੌਰ ਲੈਣਾ
ਭਾਵੇਂ ਖ਼ੂਨ ਦੀਆਂ ਨਾਲੀਆਂ ਵਹਿਣ ਦੇਈਏ ॥੭॥

ਹੇ ਹੌਸਲੇ ਦੇ ਨਾਲ ਚਾਲ ਚਲ ਕੇ
ਏਸ ਹਾਲ ਨੂੰ ਰੱਖੋ ਛੁਪਾ ਮੀਆਂ।

ਜੇ ਕ ਜ਼ਰਾ ਸਰਦਾਰ ਨੂੰ ਖ਼ਬਰ ਪੈਸੀ
ਫ਼ੌਜਾਂ ਹੋਰ ਉਹ ਲੈਸੀ ਮੰਗਾ ਮੀਆਂ।
ਰਣਜੀਤ ਸਿੰਘ ਬਹੁਤੀ ਫ਼ੌਜ ਨਾਲ ਲੈ ਕੇ
ਵੜਿਆ ਵਿਚ ਲਾਹੌਰ ਦੇ ਜਾ ਮੀਆਂ।
ਕਾਦਰਯਾਰ ਉਹਦੇ ਵਾਪਸ ਔਂਦਿਆਂ ਨੂੰ
ਹਰੀ ਸਿੰਘ ਨੂੰ ਦੇਹੋ ਮੁਕਾ ਮੀਆਂ ॥੮॥

ਖ਼ੇ ਖ਼ੂਬ ਹੁਸ਼ਿਆਰੀ ਦੇ ਨਾਲ ਯਾਰੋ
ਲੱਗੇ ਕਰਨ ਅਫ਼ਗਾਨ ਤਿਆਰੀਆਂ ਨੀਂ।
ਔਪਰ ਸਿੰਘ ਦੇ ਕਾਮਲ ਜਾਸੂਸ ਫਿਰਦੇ
ਜਿਨ੍ਹਾਂ ਆਣ ਦੱਸੀਆ ਖ਼ਬਰਾਂ ਸਾਰੀਆਂ ਨੀਂ।
ਕਿਸ ਤਰ੍ਹਾਂ ਪਠਾਣਾਂ ਨੇ ਖਾ ਕਸਮਾਂ
ਫੁੱਟਾਂ ਸਾਰੀਆਂ ਦਿਲੋਂ ਵਿਸਾਰੀਆਂ ਨੀਂ।
ਕਾਦਰਯਾਰ ਸੁਣ ਕੇ ਆਖੇ ਸਿੰਘ ਦੂਲਾ
ਭਾਵੇਂ ਕਿਸਮਤਾਂ ਸਾਡੀਆਂ ਹਾਰੀਆਂ ਨੀਂ ॥੯॥

ਦਾਲ ਦਿਸਦਾ ਨਹੀਂ ਕੋਈ ਰਾਹ ਸਾਨੂੰ
ਹਰੀ ਸਿੰਘ ਲਹੌਰ ਲਿਖਾ ਤੋਰੇ।
ਸਾਥੋਂ ਸ਼ਹਿਰ ਪਸ਼ੌਰ ਦੇ ਖੱਸਣੇ ਨੂੰ
ਕਟਕ ਚਟਕ ਦੁਰਾਨੀਆਂ ਆਣ ਜੋੜੇ।
ਘੱਲੋ ਜਲਦ ਇਮਦਾਦ ਸਾਮਾਨ ਜੰਗੀ
ਮੁਸਲਮਾਨ ਬਹੁਤੇ ਅਸੀਂ ਹਾਂ ਥੋੜੇ।
ਕਾਦਰਯਾਰ ਉਹ ਨਰਕ ਵਿਚ ਗ਼ਰਕ ਜਾਵੇ
ਜੋਹੜਾ ਏਸ ਮੈਦਾਨ ਤੋਂ ਮੂੰਹ ਮੋੜੇ ॥੧੦॥

ਜ਼ਾਲ ਜ਼ਿਕਰ ਮੁਸਾਹਿਬਾਂ ਨਾਲ ਕਰ ਕੇ
ਹਰੀ ਸਿੰਘ ਲੜਾਈ ਦਾ ਫ਼ਿਕਰ ਕਰਦਾ।
ਆਖੇ ਸਤਿ ਅਕਾਲ ਦਾ ਨਾਮ ਲੈ ਕੇ
ਮੇਰਾ ਵਾਹਿਗੁਰੂ ਰੱਖਸੀ ਆਪ ਪਰਦਾ।
ਅਜੇ ਹੈ ਵੇਲਾ ਯਾਰੋ ਨੱਸਣੇ ਦਾ
ਬੇਸ਼ੱਕ ਨੱਸ ਜਾਵੇ ਜੇਹੜਾ ਹੈ ਡਰਦਾ।
ਕਾਦਰਯਾਰ ਫਿਰ ਲੈ ਸਮਿਆਨ ਸਾਰਾ
ਹਰੀ ਸਿੰਘ ਜਮਰੂਦ ਦੇ ਕਿਲੇ ਵੜਦਾ ॥੧੧॥

ਰੇ ਰੱਖਣਾ ਅਸਾਂ ਪਸ਼ੌਰ ਕਾਬੂ
ਬੋਲੇ ਸੂਰਮਾ ਸਿੰਘ ਜਵਾਨ ਯਾਰੋ।

ਸਾਨੂੰ ਜਾਨ ਕੋਲੋਂ ਪਿਆਰੀ ਬਹੁਤ ਸਾਰੀ
ਮਹਾਰਾਜ ਦੀ ਜੇਹੜੀ ਅਮਾਨ ਯਾਰੋ
ਜੀਂਦੇ ਜੀ ਮੈਂ ਕਿਸ ਤਰ੍ਹਾਂ ਹੱਥ ਵਿੱਚੋਂ
ਹੁਣ ਦਿਆਂ ਪਸ਼ੌਰ ਨੂੰ ਜਾਣ ਯਾਰੋ।
ਕਾਦਰਯਾਰ ਹੈ ਅਸਾਂ ਮੈਦਾਨ ਲੈਣਾ
ਜਾਂ ਕਿ ਮੱਲਣਾ ਅਸਾਂ ਗੁਸਤਾਨ ਯਾਰੋ ॥੧੨॥

ਜੇ ਜ਼ੋਰ ਪਠਾਣਾਂ ਦਾ ਬਹੁਤ ਦਿੱਸੇ
ਸਾਨੂੰ ਘੱਤ ਖਲੋਣਗੇ ਜਦੋਂ ਘੇਰਾ।
ਦਾਣਾਂ ਪਾਣੀ ਨਖੁੱਟਸੀ ਕਿਲੇ ਵਿੱਚੋਂ
ਸਾਨੂੰ ਘੱਲਸੀ ਫੇਰ ਇਮਦਾਦ ਕੇਹੜਾ।
ਕੁਲ ਚੀਜ਼ ਨੂੰ ਕਿਲੇ ਵਿਚ ਜਮਾ ਕਰ ਕੇ
ਸਾਰਾ ਫਾਲਤੂ ਹੈ ਅਸਬਾਬ ਜੇਹੜਾ।
ਕਾਦਰਯਾਰ ਫਿਰ ਕਿਲੇ ਤੋਂ ਬਾਹਰ ਆ ਕੇ
ਸਰਵਣ ਪਾਰ ਹੋ ਕੇ ਕਰੋ ਚੱਲ ਡੇਰਾ ॥੧੩॥

ਸੀਨ ਸਿਖ ਸਰਦਾਰ ਤਿਆਰ ਹੋ ਕੇ
ਲੱਗੇ ਨਿਕਲਨੇ ਕਿਲੇ ਤੋਂ ਬਾਹਰ ਯਾਰੋ।
ਮੂੰਹੋਂ ਸਤਿ ਕਰਤਾਰ ਦਾ ਨਾਮ ਲੈ ਕੇ
ਬੱਧੀ ਵਿਚ ਮੈਦਾਨ ਕਤਾਰ ਯਾਰੋ।
ਕੁਲ ਚਾਰ ਤੋਪਾਂ ਸਿੱਖਾਂ ਪਾਸ ਆਹੀਆਂ।
ਸਿਰਫ਼ ਬਾਰਾਂ ਹਜ਼ਾਰ ਅਸਵਾਰ ਯਾਰੋ।
ਕਾਦਰਯਾਰ ਇਕ ਪੜਤਾਲ ਸੀ ਪੈਦਲਾਂ ਦੀ
ਹਰੀ ਸਿੰਘ ਦੇ ਪਾਸ ਸਰਦਾਰ ਯਾਰੋ ॥੧੪॥

ਸ਼ੀਨ ਸ਼ੁਰੂ ਪਠਾਣਾਂ ਦੀ ਹੋਈ ਆਮਦ
ਵਾਂਗ ਕੀੜੀਆਂ ਦੇ ਬੇ-ਸ਼ੁਮਾਰ ਮੀਆਂ।
ਨੇੜੇ ਆਣ ਕੇ ਮੋਰਚੇ ਬੰਨ੍ਹ ਲੈਂਦੇ
ਜਿੱਥੇ ਖਲ੍ਹਾ ਸੀ ਸਿੰਘ ਸਰਦਾਰ ਮੀਆਂ।
ਚਾਰੇ ਪਾਸੇ ਪਠਾਣਾਂ ਨੇ ਆਣ ਮੱਲੇ
ਸਾਰੇ ਸਿਖ ਖਲ੍ਹੇ ਵਿਚਕਾਰ ਮੀਆਂ।
ਕਾਦਰਯਾਰ ਕਰਤਾਰ ਹੁਣ ਲਾਜ ਰਖਸੀ
ਸਿਖ ਸੌ ਅਫ਼ਗਾਨ ਹਜ਼ਾਰ ਮੀਆਂ ॥੧੫॥

ਸੁਆਦ ਸਾਫ਼ ਮੈਦਾਨ ਕਲਾਨ ਸਾਰਾ
ਹੋਇਆ ਗਾਜ਼ੀਆਂ ਨਾਲ ਭਰਪੂਰ ਯਾਰੋ।

ਨਾਹਰਾ ਅੱਲਾ-ਹੂ-ਅਕਬਰ ਦਾ ਮਾਰ ਆਖਣ
ਅਸਾਂ ਸਿੱਖਾਂ ਨੂੰ ਕਰਨਾ ਹੈ ਚੂਰ ਯਾਰੋ ।
ਹਰੀ ਸਿੰਘ ਆਖੇ ਮਦਦ ਨਹੀਂ ਨੇੜੇ
ਅਤੇ ਸ਼ਹਿਰ ਲਹੌਰ ਹੈ ਦੂਰ ਯਾਰੋ ।
ਕਾਦਰਯਾਰ ਤੁਸੀਂ ਲੜੋ ਡਰੋ ਨਾਹੀਂ
ਇਕ ਦਿਨ ਸਾਰਿਆਂ ਮਰਨਾ ਜ਼ਰੂਰ ਯਾਰ ॥੧੬॥

ਜ਼ੁਆਦ ਜ਼ਰੂਰ ਸਰਦਾਰ ਤਿਆਰ ਹੋਇਆ
ਲੱਕ ਬੰਨ੍ਹ ਕੇ ਤੇਜ਼ ਤਲਵਾਰ ਯਾਰੋ ।
ਮੂੰਹੋਂ ਸਤਿ ਕਰਤਾਰ ਦਾ ਨਾਮ ਲੈ ਕੇ
ਚੰਬੇ ਘੋੜੇ ਤੇ ਹੋਇਆ ਅਸਵਾਰ ਯਾਰੋ ।
ਅੱਗੇ ਸਭਨਾਂ ਤੋਂ ਹੋ ਕੇ ਅਸਵਾਰ ਖਲ੍ਹਾ
ਪਿਛੇ ਬੱਧੀ ਸਵਾਰਾਂ ਕਤਾਰ ਯਾਰੋ ।
ਕਾਦਰਯਾਰ ਤਾਂ ਘੋੜੇ ਨੂੰ ਮਾਰ ਅੱਡੀ
ਆਇਆ ਸੂਰਮਾ ਸਿੰਘ ਲਲਕਾਰ ਯਾਰੋ ॥੧੭॥

ਤੋਇ ਤਰਫ ਦੁਰਾਨੀਆਂ ਚਲ ਆਏ
ਜਿਵੇਂ ਭੇਡਾਂ ਦੇ ਵਲ ਬਘਿਆੜ ਮੀਆਂ ।
ਨਾਲ ਬਰਛਿਆਂ ਪੇਟ ਮੈਦਾਨ ਉੱਤੇ
ਦਿੱਤੇ ਸੈਆਂ ਪਠਾਣ ਦੇ ਪਾੜ ਮੀਆਂ ।
ਜਿਥੇ ਪੈਣ ਪਠਾਣਾਂ ਨਾਂ ਰਹਿਣ ਕਾਇਮ
ਹੋਵੇ ਸੁੰਮਣ ਸਮਾਧਾਂ ਉਜਾੜ ਮੀਆਂ ।
ਕਾਦਰਯਾਰ ਇਕ ਆਣ ਵਿਚ ਮੁਰਦਿਆਂ ਦਾ
ਲੱਗਾ ਵਿੱਚ ਮੈਦਾਨ ਪਹਾੜ ਮੀਆਂ ॥੧੮॥

ਜ਼ੋਇ ਜ਼ਾਹਰਾ ਰਹੇ ਨਾ ਜ਼ਰਾ ਕਾਇਮ
ਐਸਾ ਸਿੱਖਾਂ ਪਠਾਣਾਂ ਨੂੰ ਡੰਗਿਆ ਜੀ ।
ਹਰੀ ਸਿੰਘ ਸਰਦਾਰ ਤਲਵਾਰ ਫੜ ਕੇ
ਮੂੰਹ ਸੈਆਂ ਪਠਾਣਾਂ ਦਾ ਰੰਗਿਆ ਜੀ ।
ਅਫ਼ਜ਼ਲ ਖਾਨ ਪਠਾਣ ਦਲੇਰ ਯਾਰੋ
ਮੂੰਹ ਫੇਰ ਕੇ ਲੜਨ ਤੋਂ ਸੰਗਿਆ ਜੀ ।
ਕਾਦਰਯਾਰ ਉਹ ਛੱਡ ਮੈਦਾਨ ਗਿਆ
ਦੱਰਾ ਜਾ ਖੈਬਰ ਵਾਲਾ ਲੰਘਿਆ ਜੀ ॥੧੯॥

ਐਨ ਅਲੀ ਅਕਬਰ ਇਕ ਪਠਾਣ ਨਾਮੀ
ਕਾਇਮ ਰਿਹਾ ਹੁਣ ਵਿੱਚ ਮੈਦਾਨ ਯਾਰੋ ।

ਜਿਹਦੀ ਤਾਬਿਆ ਵਿੱਚ ਮੌਜੂਦ ਖਲ੍ਹਾ
ਪੂਰਾ ਅੱਸੀ ਹਜ਼ਾਰ ਅਫ਼ਗਾਨ ਯਾਰੋ ।
ਹਰੀ ਸਿੰਘ ਨੂੰ ਉਸ ਨਾਂ ਕਦੀ ਡਿੱਠਾ
ਰੱਖੇ ਦਿਲ ਦੇ ਵਿਚ ਅਰਮਾਨ ਯਾਰੋ ।
ਕਾਦਰਯਾਰ ਆਖੇ ਜੇ ਕਰ ਮਿਲੇ ਮੈਨੂੰ
ਤੇਗਾਂ ਮਾਰ ਕੱਢਾਂ ਉਹ ਦੀ ਜਾਨ ਯਾਰੋ ॥੨੦॥

ਗ਼ੈਨ ਗੁਸਾ ਪਠਾਣਾਂ ਨੇ ਬਹੁਤ ਖਾਧਾ
ਐਪਰ ਪੇਸ਼ ਨਾਂ ਜਾਂਵਦੀ ਕਾਈ ਮੀਆਂ ।
ਹਰੀ ਸਿੰਘ ਦਲੇਰ ਜੁਆਨ ਦੀ ਜੀ
ਫਿਰੀ ਵਿਚ ਜਹਾਨ ਦੁਹਾਈ ਮੀਆਂ ।
ਧਕੜ ਤੇਗ਼ ਨੰਗੀ ਚੰਗੀ ਸ਼ਕਲ ਵਾਲਾ
ਐਸਾ ਡਿੱਠਾ ਨਾ ਜੰਗੀ ਸਿਪਾਹੀ ਮੀਆਂ ।
ਕਾਦਰਯਾਰ ਹਰੀ ਸਿੰਘ ਸੂਰਮੇ ਨੇ
ਅੱਜ ਕੀਤੀ ਏ ਵੱਡੀ ਕਮਾਈ ਮੀਆਂ ॥੨੧॥

ਫੇ ਫ਼ੌਜ ਪਠਾਣਾਂ ਦੀ ਦੂਸਰੀ ਵਿੱਚ
ਹਰੀ ਸਿੰਘ ਹੁਣ ਘੋੜਾ ਦੁੜਾ ਵੜਦਾ ।
ਵਾਹ ਅਸਵਾਰ ਤੇ ਖ਼ੂਬ ਘੋੜਾ
ਦਿਸੇ ਜ਼ਿਮੀਂ ਤੇ ਮੂਲ ਨਾਂ ਪੈਰ ਧਰਦਾ ।
ਹਿੰਮਤ ਹਾਰ ਅਫ਼ਗਾਨ ਫ਼ਰਾਰ ਹੁੰਦੇ
ਨੇੜੇ ਆਣ ਕੇ ਕੋਈ ਨਾ ਮੂਲ ਲੜਦਾ ।
ਕਾਦਰਯਾਰ ਜੋ ਆਂਵਦਾ ਪਾਸ ਉਸ ਦੇ
ਨਾਲ ਧਾਰ ਤਲਵਾਰ ਦੇ ਪਾਰ ਕਰਦਾ ॥੨੨॥

ਕਾਫ਼ ਕੰਬ ਗਿਆ ਯਾਰੋ ਅਲੀ ਅਕਬਰ
ਹਰੀ ਸਿੰਘ ਜਾਂ ਧਰੂਹ ਤਲਵਾਰ ਆਇਆ ।
ਜਲਵਾ ਮੂਲ ਨਾਂ ਝੱਲਿਆ ਜਾਏ ਉਹਦਾ
ਵਾਂਗ ਸ਼ੇਰ ਦੇ ਮਾਰ ਲਲਕਾਰ ਆਇਆ ।
ਹੱਥ ਪਕੜ ਤਲਵਾਰ ਸਰਦਾਰ ਦੂਲਾ
ਅੱਗੇ ਸੈਆਂ ਪਠਾਣਾਂ ਨੂੰ ਮਾਰ ਆਇਆ ।
ਕਾਦਰਯਾਰ ਹੁਸ਼ਿਆਰ ਹੋ ਅਲੀ ਅਕਬਰ
ਹਰੀ ਸਿੰਘ ਹੁਣ ਬਾਂਹ ਉਲਾਰ ਆਇਆ ॥੨੩॥

ਗਾਫ਼ ਗਈ ਨਾ ਪੇਸ਼ ਅਲੀ ਅਕਬਰੇ ਦੀ
ਚੇਹਰਾ ਖ਼ੌਫ਼ ਥੀਂ ਹੋਇਆ ਸੁ ਕੂਕ ਯਾਰੋ ।

ਜੇਹੜਾ ਦਿਸਦਾ ਸੀ ਦੂਰੋਂ ਸਰੂ ਵਾਂਗੂੰ
ਡਿੱਠਾ ਨੇੜਿਉਂ ਵਸਲ ਦੀ ਭੂਕ ਯਾਰੋ।
ਸੂਰਤ ਰਹੀ ਨਾਂ ਤੇਗ਼ ਨਿਕਾਲਣੇ ਦੀ
ਤੁਰਤ ਸੇਧੀ ਸੂ ਚਾ ਬੰਦੂਕ ਯਾਰੋ।
ਕਾਦਰਯਾਰ ਜਾਂ ਵੇਖਿਆ ਸਿੰਘ ਦੂਲੇ
ਉੱਚੀ ਆਖਦਾ ਮਾਰ ਕੇ ਕੂਕ ਯਾਰੋ ॥੨੪॥

ਲਾਮ ਲੱਗਸੀ ਲੀਕ ਤਹਿਕੀਕ ਤੈਨੂੰ
ਤੇ ਬਹਾਦਰੀ ਦਾ ਮਿਟ ਨਿਸ਼ਾਨ ਜਾਸੀ।
ਅਲੀ ਅਕਬਰਾ ਮਾਰ ਨਾਂ ਤੁਪਕ ਮੈਨੂੰ
ਰੋਜ਼ ਹਸ਼ਰ ਤੀਕਣ ਅਰਮਾਨ ਜਾਸੀ।
ਹੱਥ ਪਕੜ ਤਲਵਾਰ ਹੁਸ਼ਿਆਰ ਹੋ ਕੇ
ਲੜੇਂ ਅੱਜ ਕੁਰਬਾਨ ਜਹਾਨ ਜਾਸੀ।
ਕਾਦਰਯਾਰ ਜਦ ਮਰੇਂਗਾ ਸੰਗ ਤੇਰੇ
ਕੋਈ ਸ਼ੈ ਨਾ ਬਾਝ ਈਮਾਨ ਜਾਸੀ ॥੨੫॥

ਮੀਮ ਮੂੰਹੋਂ ਨਾ ਕੁਝ ਜਵਾਬ ਦਿੱਤਾ
ਅਲੀ ਅਕਬਰ ਬੰਦੂਕ ਚਲਾਈ ਐ ਜੀ।
ਤੁਪਕ ਕੜਕਦੀ ਏ ਵਾਂਗ ਬਿਜਲੀ ਦੇ
ਗੋਲੀ ਵਾਂਗ ਕਜ਼ਾ ਦੇ ਆਈ ਐ ਜੀ।
ਲੱਗੀ ਪੇਟ ਵਿਚਕਾਰ ਦੋਸਾਰ ਹੋ ਗਈ
ਨਦੀ ਲਹੂ ਦੀ ਬਾਹਰ ਵਗ ਆਈ ਐ ਜੀ।
ਕਾਦਰਯਾਰ ਤਾਂ ਪਿਛਾਂ ਨੂੰ ਮੋੜ ਘੋੜਾ
ਹਰੀ ਸਿੰਘ ਦੂਲੇ ਅੱਡੀ ਲਾਈ ਐ ਜੀ ॥੨੬॥

ਨੂੰਨ ਨਿਕਲ ਚਲ ਘੋੜਿਆਂ ਕਿਲੇ ਦੀ ਵਲ
ਅਸਾਂ ਪਾਵਣਾਂ ਨਹੀਂ ਦੂਜੀ ਵਾਰ ਫੇਰਾ।
ਗੋਲੀ ਲੱਗੀ ਐ ਕਹਿਰ ਕਲੂਰ ਵਾਲੀ
ਘਾਇਲ ਹੋਇਆ ਏ ਅੱਜ ਅਸਵਾਰ ਤੇਰਾ।
ਮੇਰੇ ਬਾਂਕਿਆ ਛੈਲ ਛਬੀਲਿਆ ਓ
ਹੈਂ ਤੂੰ ਸੈਂਆਂ ਮੈਦਾਨਾਂ ਦਾ ਯਾਰ ਮੇਰਾ।
ਕਾਦਰਯਾਰ ਜੇ ਲੈ ਚਲੇਂ ਅੱਜ ਡੇਰੇ
ਤੇਰਾ ਕਦੀ ਨਾ ਭੁੱਲਸੀ ਪਿਆਰ ਸ਼ੇਰਾ ॥੨੭॥

ਵਾਓ ਵਗਿਆ ਵਾ ਦੇ ਵਾਂਗ ਘੋੜਾ
ਜਿਵੇਂ ਨਿਕਲਦਾ ਤੀਰ ਕਮਾਨ ਵਿੱਚੋਂ।

ਮਾਰ ਚੁੰਗੀਆਂ ਹਰਨ ਦੇ ਵਾਂਗ ਯਾਰੋ
ਉੱਡ ਗਿਆ ਸੀ ਉਸ ਮੈਦਾਨ ਵਿੱਚੋਂ।
ਫੌਜਾਂ ਸਿੱਖਾਂ ਦੀਆਂ ਵਿਚੋਂ ਗੁਜ਼ਰ ਗਿਆ
ਲੰਘ ਗਿਆ ਸੀ ਲਸ਼ਕਰ ਪਠਾਣ ਵਿੱਚੋਂ।
ਕਾਦਰਯਾਰ ਹਠ ਨਾਲ ਸਰਦਾਰ ਬੈਠਾ
ਐਪਰ ਨਿਕਲਦੀ ਪਈ ਸੀ ਜਾਨ ਵਿੱਚੋਂ ॥੨੮॥

ਹੇ ਹੱਥ ਦੀ ਹੱਥਾਂ ਦੇ ਵਿਚ ਰਹੀਆਂ
ਡਿੱਠਾ ਨੌਕਰਾਂ ਜਦੋਂ ਸਰਦਾਰ ਯਾਰੋ।
ਸਿਰ ਪੈਰ ਤੀਕਣ ਡੁੱਬਾ ਖ਼ੂਨ ਦੇ ਵਿਚ
ਸਾਵਣ ਮਾਹ ਦੀ ਜਿਵੇਂ ਫੁਆਰ ਯਾਰੋ।
ਆਖੇ ਨਾਲ ਇਸ਼ਾਰਤਾਂ ਲਾਹੋ ਮੈਨੂੰ
ਤਾਕਤ ਰਹੀ ਨਾ ਵਿਚ ਗੁਫ਼ਤਾਰ ਯਾਰੋ।
ਕਾਦਰਯਾਰ ਹੈ ਗੋਲੀ ਨੇ ਘਾ ਕੀਤਾ।
ਹੈ ਇਹ ਆਖ਼ਰੀ ਵਕਤ ਦੀਦਾਰ ਯਾਰੋ ॥੨੯॥

ਯੇ ਯਾਦ ਕਰਕੇ ਰੱਬ ਆਪਣੇ ਨੂੰ
ਹਰੀ ਸਿੰਘ ਨੂੰ ਘੋੜੇ ਤੋਂ ਲਾਹਿਓ ਨੇ।
ਬਨ੍ਹ ਪੱਟੀਆਂ ਜ਼ਖ਼ਮ ਨੂੰ ਸਾਫ਼ ਕਰ ਕੇ
ਤੁਰਤ ਪਲੰਗ ਤੇ ਚਾ ਲਿਟਾਇਓ ਨੇ।
ਫ਼ੁਰਤੀ ਨਾਲ ਬੁਲਾ ਹਜਾਮ ਤਾਈਂ
ਵੱਟ ਪੱਟ ਦੇ ਨਾਲ ਸਿਵਾਇਓ ਨੇ।
ਕਾਦਰਯਾਰ ਪਰ ਖ਼ੂਨ ਨਹੀਂ ਬੰਦ ਹੁੰਦਾ
ਫ਼ਿਕਰ ਲੱਖ ਹਜ਼ਾਰ ਦੁੜਾਇਓ ਨੇ ॥੩੦॥੩॥

## ਸੀ-ਹਰਫ਼ੀ ਚਹਾਰਮ

ਅਲਫ਼ ਆਖਦਾ ਹਰੀ ਸਿੰਘ ਸੁਣੋ ਯਾਰੋ
ਮੇਰੀ ਗੱਲ ਦੇ ਵਲ ਧਿਆਨ ਕਰਨਾ।
ਬੰਦਾ ਕੌਣ ਜੋ ਕਰੇ ਤਦਬੀਰ ਕੋਈ
ਕੰਮ ਸੋ ਜੋ ਹੈ ਭਗਵਾਨ ਕਰਨਾ।
ਮੈਨੂੰ ਮੌਤ ਦਾ ਖ਼ੌਫ਼ ਨਾ ਜ਼ਰਾ ਯਾਰੋ
ਬਾਦਸ਼ਾਹ ਗਦਾ ਹੈ ਸਭ ਮਰਨਾ।
ਕਾਦਰਯਾਰ ਰੱਖੋ ਤੁਸੀਂ ਗੱਲ ਮੌਹਕਮ
ਜੇਹੜੀ ਗੱਲ ਮੈਂ ਹੁਣ ਬਿਆਨ ਕਰਨਾ ॥੧॥

ਬੇ ਬਹੁਤ ਹੁਸ਼ਿਆਰੀ ਦਰਕਾਰ ਹੈ ਜੀ
ਮਖ਼ਫ਼ੀ ਰਖਣਾ ਮੌਤ ਦਾ ਰਾਜ਼ ਯਾਰੋ।
ਮੇਰੀ ਮੌਤ ਦਾ ਜ਼ਿਕਰ ਨਾ ਮੂਲ ਕਰਨਾ
ਇਸ ਵਿੱਚ ਨੁਕਸਾਨ ਦਰਾਜ਼ ਯਾਰੋ।
ਜੇ ਕਰ ਹੋਇਆ ਮਾਲੂਮ ਦੁੱਰਾਨੀਆਂ ਨੂੰ
ਮੇਰਾ ਰੂਹ ਕਰ ਗਿਆ ਪਰਵਾਜ਼ ਯਾਰੋ।
ਕਾਦਰਯਾਰ ਸਰਕਾਰ ਦੇ ਔਂਦਿਆਂ ਨੂੰ
ਰੜਕ ਛੋੜਸਨ ਵਾਂਗ ਪਿਆਜ਼ ਯਾਰੋ ॥੨॥

ਪੇ ਪੱਕ ਪਕਾ ਸਲਾਹ ਕਰ ਕੇ
ਜਦੋਂ ਨਿਕਲ ਜਾਵੇ ਮੇਰਾ ਦਮ ਯਾਰੋ।
ਚਾ ਭੋਰਿਉਂ ਮੰਜੀ ਉੱਤੇ ਪਾ ਦੇਣਾ
ਅਤੇ ਕੱਜ ਦੇਣਾ ਮੇਰਾ ਚੰਮ ਯਾਰੋ।
ਮੂੰਹੋਂ ਕਹਿਣਾ ਸਰਦਾਰ ਬੀਮਾਰ ਹੋਇਆ
ਬਹੁਤ ਜ਼ੋਰ ਪਾਇਆ ਬਲਗ਼ਮ ਯਾਰੋ।
ਕਾਦਰਯਾਰ ਨਾ ਗ਼ਮ ਨੂੰ ਜ਼ਾਹਰ ਕਰਨਾ
ਨਹੀਂ ਤੇ ਕੰਮ ਹੋ ਜਾਵਸੀ ਤੰਮ ਯਾਰੋ ॥੩॥

ਤੇ ਤਾਬ ਨਾਂ ਰਹੀ ਵਿਚ ਬੋਲਣੇ ਦੀ
ਹੋਇਆ ਬਹੁਤ ਲਾਚਾਰ ਸਰਦਾਰ ਸਾਈਂ।

ਰੱਤ ਰਹੀ ਨਾ ਬਦਨ ਦੇ ਵਿਚ ਰੱਤੀ
ਰੰਗ ਹੋਇਆ ਸੂ ਵਾਂਗ ਵਸਾਰ ਸਾਈਂ ।
ਮੂੰਹੋਂ ਵਾਹਿਗੁਰੂ ਦਾ ਨਾਮ ਲੈ ਆਖੇ
ਹਾਂ ਮੈਂ ਬਹੁਤ ਪਾਪੀ ਗੁਨਾਹਗਾਰ ਸਾਈਂ ।
ਕਾਦਰਯਾਰ ਮੋਇਆ ਹਰੀ ਸਿੰਘ ਦੂਲਾ
ਜਿਵੇਂ ਹੁਕਮ ਸੀ ਆਪ ਕਰਤਾਰ ਸਾਈਂ ॥੪॥

ਟੇ ਟਲੇ ਨਾ ਤੀਰ ਤਕਦੀਰ ਦਾ ਜੀ
ਗਿਆ ਸੁਖਨ ਨਾਂ ਆਵੇ ਜ਼ਬਾਨ ਵਿਚੋਂ ।
ਗਿਆ ਹੁਸਨ ਜਵਾਨੀ ਨਾਂ ਫੇਰ ਆਵੇ
ਮੋਇਆ ਮੁਰਦਾ ਨਾ ਆਵੇ ਗੁਸਤਾਨ ਵਿੱਚੋਂ ।
ਗੀਦੀ ਕਦੀ ਨਾਂ ਰਣ ਵਿਚ ਪੈਰ ਪਾਵੇ
ਗਾਜ਼ੀ ਮਰਦ ਨਾ ਮੁੜਦਾ ਮੈਦਾਨ ਵਿਚੋਂ ।
ਕਾਦਰਯਾਰ ਮੀਆਂ ਦੱਸ ਮਰਦ ਕਿਹੜਾ
ਰਵਾਂ ਹੋਇਆ ਨਹੀਂ ਜਿਹੜਾ ਜਹਾਨ ਵਿੱਚੋਂ ॥੫॥

ਸੇ ਸਾਬਤੀ ਦੇ ਨਾਲ ਵਿਚ ਗੋਸ਼ੇ
ਹਰੀ ਸਿੰਘ ਦੀ ਲਾਸ਼ ਟਿਕਾਣ ਬੇਲੀ ।
ਕੋਲ ਮੂਲ ਨਾਂ ਕਿਸੇ ਨੂੰ ਬਹਿਣ ਦਿੰਦੇ
ਕਹਿਣ ਸਿੰਘ ਦਾ ਖ਼ਾਸ ਫ਼ਰਮਾਨ ਬੇਲੀ ।
ਨਾਲ ਨੇਹਮਤਾਂ ਥਾਲ ਭਰਪੂਰ ਕਰਕੇ
ਜਿਉਂ ਦਸਤੂਰ ਸੀ ਪਾਸ ਲਿਜਾਣ ਬੇਲੀ।
ਕਾਦਰਯਾਰ ਫਿਰ ਖ਼ਾ ਕੇ ਆਪ ਖਾਣਾ
ਥਾਲ ਸੱਖਣਾ ਬਾਹਰ ਲਿਆਣ ਬੇਲੀ ॥੬॥

ਜੀਮ ਜਮਾ ਹੋ ਕੇ ਰਾਜ਼ਦਾਰ ਸਾਰੇ
ਖ਼ਤ ਤਰਫ਼ ਸਰਕਾਰ ਦੇ ਪਾਂਵਦੇ ਜੀ ।
ਪਹਿਲੋਂ ਅਦਬ ਅਦਾਬ ਨਿਆਜ਼ ਯਾਰੋ
ਫਤਿਹ ਵਾਹਿਗੁਰੂ ਜੀ ਦੀ ਬੁਲਾਂਵਦੇ ਜੀ ।
ਫੇਰ ਆਖਦੇ ਭੱਜੀ ਆ ਬਾਂਹ ਤੇਰੀ
ਅਸੀਂ ਲਿਖਦਿਆਂ ਪਏ ਸ਼ਰਮਾਂਵਦੇ ਜੀ ।
ਕਾਦਰਯਾਰ ਮੋਇਆ ਹਰੀ ਸਿੰਘ ਦੂਲਾ
ਸਾਡੇ ਜੀ ਡੁਬ ਡੁਬ ਗੋਤੇ ਖਾਂਵਦੇ ਜੀ ॥੭॥

ਚੇ ਚੱਲਦੀ ਨਹੀਂ ਭਾਵੇਂ ਪੇਸ਼ ਸਾਡੀ
ਡੱਟੀ ਹੋਈ ਹੈ ਫੇਰ ਭੀ ਫੌਜ ਸਾਰੀ ।

ਚਾਰੋਂ ਤਰਫ਼ ਪਠਾਣਾਂ ਨੇ ਪਾਇਆ ਘੇਰਾ
ਮਾਰਨ ਵਿੱਚ ਸੀਨੇ ਕੱਸ ਤੀਰ ਕਾਰੀ।
ਅਸਾਂ ਮੌਤ ਦਾ ਭੇਤ ਨਹੀਂ ਜ਼ਾਹਰ ਕੀਤਾ
ਸਾਨੂੰ ਲਗਦੀ ਪਈ ਨਹੀਂ ਜਾਨ ਪਿਆਰੀ।
ਕਾਦਰਯਾਰ ਸ਼ਿਤਾਬ ਦੇ ਨਾਲ ਪਹੁੰਚੋ
ਨਹੀਂ ਤੇ ਕਤਲ ਹੋ ਜਾਵਸੀ ਫ਼ੌਜ ਸਾਰੀ ॥੮॥

ਹੇ ਹਾਲ ਬੇਹਾਲ ਹੋ ਗਿਆ ਸਾਡਾ
ਹਰੀ ਸਿੰਘ ਮੋਇਆ ਇਕ ਬਾਤ ਹੈ ਜੀ।
ਦਾਣਾ ਪਾਣੀ ਨਖੁੱਟਿਆ ਕਿਲ੍ਹੇ ਵਿਚੋਂ
ਇਹ ਦੂਸਰੀ ਸਖ਼ਤ ਆਫ਼ਾਤ ਹੈ ਜੀ।
ਸਾਰੇ ਜੱਗ ਦੇ ਵਿਚ ਇਕਬਾਲ ਤੇਰਾ
ਸੁਣਿਆ ਵਿਚ ਤੇਰੇ ਕਰਾਮਤ ਹੈ ਜੀ।
ਕਾਦਰਯਾਰ ਇਮਦਾਦ ਦਾ ਹੁਣ ਵੇਲਾ
ਸਿਰੋਂ ਪਿੱਛੇ ਤਾਂ ਕਾਲੀ ਰਾਤ ਹੈ ਜੀ ॥੯॥

ਖ਼ੇ ਖ਼ੂਬ ਤਰ੍ਹਾਂ ਖ਼ਤ ਬੰਦ ਕਰ ਕੇ
ਦਿੱਤਾ ਕਾਸਦ ਨੂੰ ਨਾਲ ਪੈਗ਼ਾਮ ਮੀਆਂ।
ਤੁਰਤ ਹੋ ਅਸਵਾਰ ਇੱਕ ਅਸਪ ਉੱਤੇ
ਗਿਆ ਤਰਫ਼ ਲਾਹੌਰ ਗ਼ੁਲਾਮ ਮੀਆਂ।
ਆਖਣ ਰਾਹ ਵਿੱਚ ਬਹਿਣਾ ਹਰਾਮ ਤੈਨੂੰ
ਕਿਸੇ ਨਾਲ ਨਾ ਕਰਨੀ ਕਲਾਮ ਮੀਆਂ।
ਕਾਦਰਯਾਰ ਸਰਕਾਰ ਨੂੰ ਖ਼ਤ ਦੇਣਾ
ਪਾਸੋਂ ਬੇ-ਸ਼ੁਮਾਰ ਇਨਾਮ ਮੀਆਂ ॥੧੦॥

ਦਾਲ ਦੱਬ ਕੇ ਅੱਡੀ ਲਗਾਈ ਕਾਸਦ
ਪਿੱਛੇ ਪਾਈ ਪਠਾਣਾਂ ਵਹੀਰ ਯਾਰੋ।
ਚੁੰਗੀ ਮਾਰ ਪਿਆ ਘੋੜਾ ਸ਼ਹੁ ਦੇ ਵਿਚ
ਗਿਆ ਅਟਕ ਦਰਿਆ ਨੂੰ ਚੀਰ ਯਾਰੋ।
ਰੰਦੇ ਹੋ ਹੈਰਾਨ ਪਠਾਣ ਖਲ੍ਹੇ
ਚੱਲੇ ਪੇਸ਼ ਨਾਂ ਨਾਲ ਤਕਦੀਰ ਯਾਰੋ।
ਕਾਦਰਯਾਰ ਦੁੱਰਾਨੀਆਂ ਵੇਖ ਕਿਹਾ
ਘੋੜਾ ਅਸਲ ਸ਼ੈਤਾਨ ਦਾ ਵੀਰ ਯਾਰੋ ॥੧੧॥

ਜ਼ਾਲ ਜ਼ਰਾ ਨਾ ਠਹਿਰਿਆ ਰਾਹ ਦੇ ਵਿਚ
ਰੋਕੀ ਮੂਲ ਨਾਂ ਕਾਸਦ ਲਗਾਮ ਮੀਆਂ।

ਹੈ ਸੀ ਬਹੁਤ ਹੁਸ਼ਿਆਰ ਤੱਰਾਰ ਘੋੜਾ
ਗਿਆ ਦੌੜਦਾ ਉਹ ਸੁਬਾਹ ਸ਼ਾਮ ਮੀਆਂ ।
ਦਿਨ ਰਾਤ ਦੁਪਹਿਰ ਨੂੰ ਗਿਆ ਟੁਰਦਾ
ਘੜੀ ਪਲਕ ਨਾਂ ਕੀਤਾ ਆਰਾਮ ਮੀਆਂ ।
ਕਾਦਰਯਾਰ ਲੰਘ ਜੇਹਲਮੋਂ ਪਾਰ ਹੋਇਆ
ਕੀਤਾ ਵਿਚ ਗੁਜਰਾਤ ਮੁਕਾਮ ਮੀਆਂ ॥੧੨॥

ਰੇ ਰੌਣਕ ਗੁਜਰਾਤ ਦੀ ਸੁਣੋ ਯਾਰੋ
ਉੱਥੇ ਲੱਥੀ ਸੀ ਆਪ ਸਰਕਾਰ ਸਾਈਂ ।
ਤੰਬੂ ਖ਼ੈਮੇ ਕਨਾਤਾਂ ਨੇ ਮੌਜ ਲਾਈ
ਝੰਡੇ ਝੂਲਦੇ ਅਜਬ ਬਹਾਰ ਸਾਈਂ ।
ਹਾਥੀ ਨਾਲ ਅਮਾਰੀਆਂ ਮਸਤ ਲਟਕਣ
ਹੋਰ ਪੜਤਲਾਂ ਕਈ ਹਜ਼ਾਰ ਸਾਈਂ ।
ਕਾਦਰਯਾਰ ਕੀ ਸਿਫ਼ਤ ਮੁਸਾਹਿਬਾਂ ਦੀ
ਸੋਹਣਾ ਇਕ ਥੀਂ ਇਕ ਸਰਦਾਰ ਸਾਈਂ ॥੧੩॥

ਜ਼ੇ ਜ਼ਰਦ ਜ਼ਰਬਾਫ਼ਤੇ ਸ਼ਾਮਿਆਨੇ
ਲਟਕਣ ਮੋਤੀਆਂ ਦੇ ਨਾਲ ਹਾਰ ਯਾਰੋ ।
ਘੋੜੇ ਅਜਬ ਸ਼ਾਹ-ਜ਼ੋਰ ਖੰਮਦਾਰ ਗਰਦਨ
ਟੁਰਦੇ ਮੋਰ ਰਫ਼ਤਾਰ ਬਾਜ਼ਾਰ ਯਾਰੋ ।
ਚਮਕਣ ਕਾਠੀਆਂ ਹੀਰਿਆਂ ਨਾਲ ਜੜੀਆਂ
ਫੁੱਲ ਖਿੜੇ ਜਿਉਂ ਵਿਚ ਗੁਲਜ਼ਾਰ ਯਾਰੋ ।
ਕਾਦਰਯਾਰ ਹੈ ਬਾਜੇ ਬਹਾਰ ਲਾਈ
ਖੜਕੇ ਢੋਲਕੀ ਤਬਲਾ ਸਿਤਾਰ ਯਾਰੋ ॥੧੪॥

ਸੀਨ ਸਿੱਖ ਅਸਵਾਰ ਤਿਆਰ ਫਿਰਦੇ
ਹੱਥ ਵਿਚ ਨੇਜ਼ੇ ਛੁਮਣਦਾਰ ਯਾਰੋ ।
ਮੁੱਛਾਂ ਕੁੰਢੀਆਂ ਕਲਗੀਆਂ ਖ਼ੂਬਸੂਰਤ
ਸਿਰ ਤੇ ਸੁਰਖ਼ ਸਫ਼ੈਦ ਦਸਤਾਰ ਯਾਰੋ ।
ਪਹਿਨ ਵਰਦੀਆਂ ਰੰਗ ਬਰੰਗੀਆਂ ਜੀ
ਕੱਸਣ ਪੇਟੀਆਂ ਉਹ ਜ਼ਰੀਦਾਰ ਯਾਰੋ ।
ਕਾਦਰਯਾਰ ਤਲਵਾਰ ਦੀ ਚਮਕ ਆਵੇ
ਜਿਵੇਂ ਬਿੱਜਲੀ ਦੀ ਲਿਸ਼ਕਾਰ ਯਾਰੋ ॥੧੫॥

ਸ਼ੀਨ ਸ਼ੁਕਰ ਗੁਜ਼ਾਰ ਹਜ਼ਾਰ ਕਾਸਦ
ਵੜਿਆ ਆਣ ਹੁਣ ਵਿਚ ਦਰਬਾਰ ਹੈ ਜੀ ।

ਉੱਤੇ ਚੰਨਣ ਦੀ ਚੌਂਕੀ ਤੇ ਬੈਠ ਜਿੱਥੇ
ਹੱਥ ਧੋਂਵਦੀ ਪਈ ਸਰਕਾਰ ਹੈ ਜੀ।
ਆਸ ਪਾਸ ਅਮੀਰ ਵਜ਼ੀਰ ਬੈਠੇ
ਚੱਲੇ ਨਵੀਂ ਤੋਂ ਨਵੀਂ ਗੁਫ਼ਤਾਰ ਹੈ ਜੀ।
ਕਾਦਰਯਾਰ ਆ ਕਸਾਦ ਨੇ ਖ਼ਤ ਦਿੱਤਾ
ਮੂੰਹੋਂ ਬੋਲਦਾ ਸਤਿ-ਕਰਤਾਰ ਹੈ ਜੀ ॥੧੬॥

ਸੁਆਦ ਸਿਦਕ ਦੇ ਨਾਲ ਬਤਾ ਸਾਨੂੰ
ਮੂੰਹੋਂ ਆਪ ਮਹਾਰਾਜ ਫ਼ਰਮਾਇਆ ਜੀ।
ਕਿਸ ਤੁਧ ਨੂੰ ਘੱਲਿਆ ਤਰਫ਼ ਸਾਡੀ
ਕੇਹੜੀ ਥਾਂ ਮੁਕਾਮ ਤੋਂ ਆਇਆ ਜੀ।
ਸ਼ਕਲ ਸ਼ਬਾਹਤ ਹੈ ਜ਼ਾਹਰ ਕਰਦੀ
ਰਾਹ ਵਿੱਚ ਆਰਾਮ ਨਾਂ ਪਾਇਆ ਜੀ।
ਕਾਦਰਯਾਰ ਇਜ਼ਹਾਰ ਕਰ ਨਾਲ ਜਲਦੀ
ਜੇਹੜੀ ਗੱਲ ਤੇ ਰੰਗ ਵਟਾਇਆ ਜੀ ॥੧੭॥

ਜ਼ੁਆਦ ਜ਼ਰੂਰ ਹਜ਼ੂਰ ਕਸੂਰ ਮੇਰਾ
ਬਦ-ਖ਼ਬਰੇ ਦੀ ਕੱਟਣੀ ਜ਼ਬਾਨ ਚਾਹੀਏ।
ਜਿਹੜਾ ਤੀਰ ਦਾ ਚੀਰ ਨਾਂ ਝੱਲ ਸਕੇ
ਦਸਤ ਪਕੜਨੀ ਨਹੀਂ ਕਮਾਨ ਚਾਹੀਏ।
ਜਿਹੜੀ ਗੱਲ ਬਤੀਤ ਹੋ ਗਈ ਯਾਰੋ
ਕਰਨਾ ਉਸ ਦਾ ਨਹੀਂ ਅਰਮਾਨ ਚਾਹੀਏ।
ਕਾਦਰਯਾਰ ਖ਼ਤ ਪਾੜ ਕੇ ਆਪ ਪੜ੍ਹ ਲਉ
ਤੇ ਇਆਨ ਨੂੰ ਕੀ ਬਿਆਨ ਚਾਹੀਏ ॥੧੮॥

ਤੋਏ ਤਰਫ਼ ਵਜ਼ੀਰ ਧਿਆਨ ਸਿੰਘ ਜੀ
ਮਹਾਰਾਜ ਹੁਣ ਖ਼ਤ ਨੂੰ ਕਰਨ ਲੱਗਾ।
ਹੱਥ ਦੇਇ ਕੇ ਆਖਦਾ ਪੜ੍ਹੋ ਇਸ ਨੂੰ
ਸਾਡਾ ਜੀ ਤਾਂ ਅੰਦਰੋਂ ਡਰਨ ਲੱਗਾ।
ਕਾਦਰ ਆਪਣੀ ਕੁਦਰਤ ਕਸੀਰ ਵਿੱਚੋਂ
ਵੇਖਾ ਖੇਲ ਹੁਣ ਨਵਾਂ ਕੀ ਕਰਨ ਲੱਗਾ।
ਕਾਦਰਯਾਰ ਉਤਾਰ ਕੇ ਮੋਹਰ ਜਲਦੀ
ਧਿਆਨ ਸਿੰਘ ਹੁਣ ਖ਼ਤ ਨੂੰ ਪੜ੍ਹਨ ਲੱਗਾ ॥੧੯॥

ਜ਼ੋਏ ਜ਼ਾਹਰਾ ਰੰਗ ਵਟਾਇਓ ਸੂ
ਅੰਦਰ ਦਿਲ ਦੇ ਕੀਤੀਆਂ ਸ਼ਾਦੀਆਂ ਨੀਂ।

ਦੁਸ਼ਮਣ ਜੀਹਦਾ ਹਲਾਕ ਹੋ ਖ਼ਾਕ ਰਲਿਆ
ਘਰ ਉਸ ਦੇ ਹੋਣ ਆਬਾਦੀਆਂ ਨੀਂ ।
ਹਰੀ ਸਿੰਘ ਤੇ ਰਾਜੇ ਦੀ ਦੁਸ਼ਮਣੀ ਦੀ
ਆਪਸ ਵਿਚ ਤਾਂ ਬਹੁਤ ਖ਼ਰਾਬੀਆਂ ਨੀ ।
ਕਾਦਰਯਾਰ ਧਿਆਨ ਸਿੰਘ ਖੁਸ਼ੀ ਹੋਇਆ
ਹਰੀ ਸਿੰਘ ਦੇ ਘਰ ਬਰਬਾਦੀਆਂ ਨੀਂ ॥੨੦॥

ਐਨ ਅਕਲ ਮੇਰੀ ਫ਼ਰਾਮੋਸ਼ ਹੋਈ
ਮੂੰਹੋਂ ਬੋਲਿਆ ਫੇਰ ਵਜ਼ੀਰ ਸਾਈਂ ।
ਬੰਦਾ ਕੌਣ ਜੋ ਕਰੇ ਤਦਬੀਰ ਕੋਈ
ਡਾਢੀ ਰੱਬ ਦੇ ਨਾਲ ਤਕਦੀਰ ਸਾਈਂ ।
ਅੱਲੀ ਅਕਬਰ ਦੀ ਗੋਲੀ ਹਲਾਕ ਕੀਤਾ
ਹਰੀ ਸਿੰਘ ਦਾ ਸੋਹਣਾ ਸਰੀਰ ਸਾਈਂ ।
ਕਾਦਰਯਾਰ ਇਮਦਾਦ ਪਏ ਮੰਗਦੇ ਨੀਂ
ਹੈ ਇਹ ਖ਼ਤ ਦੇ ਵਿਚ ਤਹਿਰੀਰ ਸਾਈਂ ॥੨੧॥

ਗ਼ੈਨ ਗੁੱਸੇ ਦੇ ਨਾਲ ਮਹਾਰਾਜ ਯਾਰੋ
ਗੜਵਾ ਮਾਰੇ ਵਜ਼ੀਰ ਦੀ ਟੰਗ ਉੱਤੇ ।
ਆਖੇ ਦੂਰ ਹੋ ਜਾ ਮੇਰੀ ਅੱਖੀਆਂ ਥੀਂ
ਕੁਝ ਫ਼ਾਇਦਾ ਨਹੀਂ ਤੇਰੇ ਸੰਗ ਉੱਤੇ ।
ਪਹਿਲੋਂ ਖ਼ਬਰ ਨਾ ਕੀਤੋ ਮੂਲ ਮੈਨੂੰ
ਫ਼ੌਜਾਂ ਘੱਲਦਾ ਮਦਦ ਨੂੰ ਜੰਗ ਉੱਤੇ ।
ਕਾਦਰਯਾਰ ਆ ਦੱਸਿਆ ਉਸ ਵੇਲੇ
ਜਦੋਂ ਸੱਟ ਆ ਪਈ ਐ ਰੰਗ ਉੱਤੇ ॥੨੨॥

ਫ਼ੇ ਫ਼ੌਜ ਨੂੰ ਹੁਕਮ ਸਰਕਾਰ ਕੀਤਾ
ਬੰਨ੍ਹੋ ਬਿਸਤਰੇ ਤੇ ਕਰੋ ਤਿਆਰੀ ਯਾਰੋ ।
ਅਲੀ ਅਕਬਰ ਪਠਾਣ ਨੇ ਜ਼ੋਰ ਪਾ ਕੇ
ਸਾਡੇ ਸਿਰ ਤੇ ਚਾੜ੍ਹੀ ਏ ਵਾਰੀ ਯਾਰੋ ।
ਹਰੀ ਸਿੰਘ ਦਾ ਬਦਲਾ ਚੁਕਾਣ ਕਾਰਣ
ਅਸਾਂ ਰੱਤ ਦਾ ਡੋਹਲਣੀ ਸਾਰੀ ਯਾਰੋ ।
ਕਾਦਰਯਾਰ ਉਹ ਪਿਛਾਂ ਨੂੰ ਪਰਤ ਜਾਵੇ
ਜਿਸ ਜਾਨ ਹੈ ਰੱਖਣੀ ਪਿਆਰੀ ਯਾਰੋ ॥੨੩॥

ਕਾਫ਼ ਕੜਕ ਕੇ ਕਿਹਾ ਮਹਾਰਾਜ ਯਾਰੋ
ਮੂੰਹ ਤਰਫ਼ ਲਾਹੌਰ ਨਾ ਕਰਾਂਗਾ ਮੈਂ

ਸਣੇ ਹਾਥੀਆਂ ਘੋੜਿਆਂ ਤੋਪਖਾਨਾ
ਜਾ ਅਟਕ ਦਰਿਆ ਨੂੰ ਤਰਾਂਗਾ ਮੈਂ ।
ਤੋੜ ਵਿਚ ਪਠਾਣਾਂ ਦੇ ਘਰ ਜਾ ਕੇ
ਅਲੀ ਅਕਬਰ ਦੇ ਨਾਲ ਚਲ ਲੜਾਂਗਾ ਮੈਂ ।
ਕਾਦਰਯਾਰ ਕਤਲਾਮ ਪਠਾਣ ਕਰਸਾਂ
ਯਾ ਕਿ ਵਿਚ ਮੈਦਾਨ ਦੇ ਮਰਾਂਗਾ ਮੈਂ ॥੨੪॥

ਗਾਫ ਗਿਆ ਫ਼ਰਮਾਨ ਕੁਲ ਫ਼ੌਜ ਅੰਦਰ
ਤੁਰਤ ਹੋਣ ਲਗ ਪਈਆਂ ਤਿਆਰੀਆਂ ਜੀ ।
ਸਿੰਘ ਸੂਰਮੇ ਸ਼ੇਰ ਦਲੇਰ ਬਾਂਕੇ
ਕੱਸਣ ਘੋੜੀਆਂ ਜ਼ੀਨਾਂ ਸਵਾਰੀਆਂ ਜੀ ।
ਤੋਪਖ਼ਾਨੇ ਦੀ ਚਮਕ ਤੇ ਦਮਕ ਯਾਰੋ
ਹਾਥੀ ਝੂਲਦੇ ਨਾਲ ਅਮਾਰੀਆਂ ਜੀ ।
ਕਾਦਰਯਾਰ ਸਰਕਾਰ ਨੇ ਕੂਚ ਕੀਤਾ
ਚੱਲੇ ਲੈਣ ਹੁਣ ਅਟਕ ਦੀਆਂ ਤਾਰੀਆਂ ਜੀ ॥੨੫॥

ਲਾਮ ਲਟਕਦੀ ਮਟਕਦੀ ਅਟਕ ਵਗਦੀ
ਜਿਵੇਂ ਬੱਦਲਾਂ ਲਾਈ ਘਣਘੋਰ ਯਾਰੋ ।
ਕੰਢਾ ਪਾਰ ਦਾ ਮੂਲ ਨਾਂ ਨਜ਼ਰ ਆਵੇ
ਐਸਾ ਤੇਜ਼ ਦਰਿਆ ਨਾਂ ਹੋਰ ਯਾਰੋ ।
ਲਹਿਰ ਛੱਲ ਮਾਰੇ ਕਿਸੇ ਕਹਿਰ ਦੀ ਜੀ
ਘੁੰਮਣ ਘੇਰ ਫਿਰਦੇ ਨਾਲ ਜ਼ੋਰ ਯਾਰੋ ।
ਕਾਦਰਯਾਰ ਸਰਕਾਰ ਹੈ ਆਣ ਲੱਥੀ
ਉੱਤੇ ਕੰਢੇ ਦੇ ਨੇੜੇ ਪਸ਼ੌਰ ਯਾਰੋ ॥੨੬॥

ਮੀਮ ਮੰਗ ਦੁਆ ਖ਼ੁਦਾ ਕੋਲੋਂ
ਮਹਾਰਾਜ ਨੇ ਝੰਡੇ ਨੂੰ ਖੋਟਿਆ ਈ ।
ਉੱਤੇ ਕੰਢੇ ਦੇ ਹੋ ਅਸਵਾਰ ਖਲ੍ਹਾ
ਜਾਨ ਦੇਵਣੋਂ ਮੂਲ ਨਾ ਹੱਟਿਆ ਈ ।
ਭਰ ਕੇ ਥਾਲ ਅਸ਼ਰਫ਼ੀਆਂ ਨਾਲ ਯਾਰੋ
ਵਿਚ ਨੀਰ ਦੇ ਚਾ ਪਲੱਟਿਆ ਈ ।
ਕਾਦਰਯਾਰ ਕਰਤਾਰ ਹੁਣ ਲਾਜ ਰਖਸੀ
ਘੋੜਾ ਵਿਚ ਦਰਿਆ ਦੇ ਸੱਟਿਆ ਈ ॥੨੭॥

ਨੂੰਨ ਨਾਲ ਸਰਕਾਰ ਦੇ ਫ਼ੌਜ ਨੇ ਜੀ
ਮਾਰੀ ਵਿੱਚ ਦਰਿਆ ਦੇ ਛਾਲ ਯਾਰੋ ।

ਵਿਚ ਜਲ ਦੇ ਪੈ ਤਰਥੱਲ ਗਿਆ
ਮਾਹੀ ਹੱਲ ਕੇ ਗਈ ਪਤਾਲ ਯਾਰੋ ।
ਜੀਹਦੀ ਪੁਸ਼ਤ ਪਨਾਹ ਹੈ ਰਬ ਸਚਾ
ਕੌਣ ਝਲਦਾ ਉਸ ਦੀ ਝਾਲ ਯਾਰੋ ।
ਕਾਦਰਯਾਰ ਸਰਕਾਰ ਲੰਘ ਪਾਰ ਗਈ ਆ
ਫ਼ੌਜਾਂ ਹਾਥੀਆਂ ਘੋੜਿਆਂ ਨਾਲ ਯਾਰੋ ॥੨੮॥

ਵਾਉ ਵਿਚ ਜਮਰੂਦ ਦੇ ਖ਼ਬਰ ਹੋਈ
ਆਈ ਮਦਦ ਨੂੰ ਆਪ ਸਰਕਾਰ ਸਾਈਂ ।
ਪਹਿਲੋਂ ਜੇਹਲਮ ਦੇ ਉੱਤੋਂ ਅਬੂਰ ਕਰ ਕੇ
ਹੋਈ ਅਟਕ ਦਰਿਆ ਤੋਂ ਪਾਰ ਸਾਈਂ ।
ਨੁਸ਼ਹਿਰੇ ਵਿਚ ਮੈਦਾਨ ਮੁਕਾਮ ਕਰ ਕੇ
ਝੰਡਾ ਗੱਡਿਆ ਸੁ ਵਿਚਕਾਰ ਸਾਈਂ ।
ਕਾਦਰਯਾਰ ਪੁਕਾਰਦੇ ਕਿਲੇ ਦੇ ਵਿੱਚ
ਸਚੇ ਸਾਹਿਬਾ ਅਸੀਂ ਬਲਿਹਾਰ ਸਾਈਂ ॥੨੯॥

ਹੋ ਹੋ ਕੇ ਜਮਾਂ ਪਠਾਣ ਸਾਰੇ
ਮਤਾ ਆਪਸ ਦੇ ਵਿਚ ਪਕਾਣ ਮੀਆਂ !
ਹੈ ਸ਼ਹਿਰ ਪਸ਼ੌਰ ਮਲਕੀਤ ਸਾਡੀ
ਲਾ ਕਦੀਮ ਥੀਂ ਵਿਚ ਜਹਾਨ ਮੀਆਂ ।
ਸਾਡੀ ਬੁਜ਼ਦਿਲੀ ਅਤੇ ਨਾਲਾਇਕੀ ਥੀਂ
ਵੇਖੋ ਸਿਖ ਲੱਗੇ ਸਾਨੂੰ ਖਾਣ ਮੀਆਂ ।
ਕਾਦਰਯਾਰ ਇੱਜ਼ਤ ਜੇਹੀ ਹੋਰ ਦੂਜੀ
ਕੋਈ ਸ਼ੈ ਨਾਂ ਬਾਝੋਂ ਈਮਾਨ ਮੀਆਂ ॥੩੦॥

ਯੋ ਯਾਦ ਕਰ ਕੇ ਰੱਬ ਆਪਣੇ ਨੂੰ
ਲੜੋ ਗੱਡ ਕੇ ਤੁਸੀਂ ਇਸ ਵੇਰ ਯਾਰੋ ।
ਸਾਡੇ ਸ਼ਹਿਰ ਪਸ਼ੌਰ ਦੇ ਛੱਡਣੇ ਥੀਂ
ਸਿੱਖ ਹੋਏ ਨੇ ਬਹੁਤ ਦਲੇਰ ਯਾਰੋ ।
ਨਾ ਰੱਖੋ ਦਰੇਗ਼ ਤੇ ਤੇਗ਼ ਮਾਰੋ
ਕਦਮ ਮੁਲਕ ਵਿਚ ਪਾਏ ਨਾ ਫੇਰ ਯਾਰੋ ।
ਕਾਦਰਯਾਰ ਮਰਦਾਨਗੀ ਕਰੋ ਐਸੀ
ਪਵੇ ਵਿਚ ਲਾਹੌਰ ਅੰਧੇਰ ਯਾਰੋ ॥੩੧॥੪॥

## ਸੀ-ਹਰਫ਼ੀ ਪੰਜਮ

ਅਲਫ਼ ਇਕ ਮੈਦਾਨ ਕਲਾਂ ਉੱਤੇ
ਜਮਾ ਹੋਏ ਨੀ ਕੁੱਲ ਪਠਾਣ ਮੀਆਂ।
ਮੱਸ-ਫੁਟ ਨਾਲੇ ਕਰੜ-ਬ੍ਰਟ ਸਾਰੇ
ਸੋਹਣੇ ਛੈਲ ਰੰਗੀਲੇ ਜਵਾਨ ਮੀਆਂ।
ਬੇ-ਖੌਫ਼ ਬੇ-ਹੋਸ਼ ਪਠਾਣ ਯਾਰੋ
ਗ਼ਾਜ਼ੀ ਕਰਨ ਬਾਜ਼ੀ ਨਾਲ ਜਾਨ ਮੀਆਂ।
ਕਾਦਰਯਾਰ ਜੰਗੀ ਘੋੜੇ ਹਿਣਕਦੇ ਨੀ
ਤੇਗ ਛਣਕਦੀ ਵਿਚ ਮੈਦਾਨ ਮੀਆਂ ॥੧॥

ਬੇ ਬਹੁਤ ਸੀ ਫੌਜ ਦੁੱਰਾਨੀਆਂ ਦੀ
ਜਿਵੇਂ ਮੱਕੜੀ ਦਾ ਦਿਸੇ ਦਲ ਯਾਰੋ।
ਖੂੰਖਾਰ ਹੋਸ਼ਿਆਰ ਦੁੱਰਾਨੀਆਂ ਨੇ
ਲਿਆ ਬਹੁਤ ਜ਼ਮੀਨ ਨੂੰ ਮੱਲ ਯਾਰੋ।
ਬਾਕੀ ਰਿਹਾ ਨਾ ਇੱਕ ਪਠਾਣ ਪਿੱਛੇ
ਸਭੋ ਲੜਨ ਨੂੰ ਆਏ ਨੇ ਚੱਲ ਯਾਰੋ।
ਕਾਦਰਯਾਰ ਗੱਲ ਖਲ਼ੀ ਹੈ ਸਿਰੇ ਉੱਤੇ
ਵੇਖੋ ਰੱਬ ਸੱਚਾ ਕਹਿੰਦੇ ਵੱਲ ਯਾਰੋ ॥੨॥

ਪੇ ਪਹਿਨ ਪੁਸ਼ਾਕ ਅਸਵਾਰ ਹੋਇਆ
ਅਲੀ ਅਕਬਰ ਪਠਾਣ ਦਲੇਰ ਮੀਆਂ।
ਅੱਗੇ ਫੌਜ ਦੇ ਆ ਖਲਵਾ ਘੋੜਾ
ਨਜ਼ਰ ਪਾਂਵਦਾ ਚਾਰ ਚੁਫੇਰ ਮੀਆਂ।
ਮੂੰਹੋਂ ਆਖਦਾ ਰੱਖੋ ਈਮਾਨ ਕਾਇਮ
ਔਣਾ ਵਿਚ ਜਹਾਨ ਨਹੀਂ ਫੇਰ ਮੀਆਂ।
ਕਾਦਰਯਾਰ ਹੈ ਵੇਲਾ ਬਹਾਦੁਰੀ ਦਾ
ਸਾਥੀ ਨਹੀਂ ਕੋਈ ਬਾਝ ਸ਼ਮਸ਼ੇਰ ਮੀਆਂ ॥੩॥

ਤੇ ਤਰੱਕੜੇ ਹੋ ਕੇ ਲੜੋ ਤੁਸੀਂ
ਏਹਾ ਵੇਲਾ ਤੇ ਏਹਾ ਮੁਕਾਮ ਯਾਰੋ।

ਦੁਸ਼ਮਨ ਮਾਰ ਕੇ ਫਤਿਹ ਨੂੰ ਕਰੋ ਹਾਸਲ
ਬਖ਼ਸ਼ ਦਿਆਂਗਾ ਬਹੁਤ ਇਨਾਮ ਯਾਰੋ।
ਜੇਹੜਾ ਅੱਜ ਮੈਦਾਨ ਤੋਂ ਕੰਡ ਦੇਸੀ
ਮਰਸੀ ਉਹ ਤਾਂ ਮੌਤ ਹਰਾਮ ਯਾਰੋ।
ਕਾਦਰਯਾਰ ਜੋ ਮਰਸੀ ਸ਼ਹੀਦ ਹੋ ਕੇ
ਰਹਿਸੀ ਵਿਚ ਜਹਾਨ ਦੇ ਨਾਮ ਯਾਰੋ ॥੪॥

ਸੇ ਸਾਬਤੀ ਦੇ ਨਾਲ ਤੇਗ ਮਾਰੋ
ਆਪਣੀ ਔਰਤਾਂ ਨਾਲ ਨਜ਼ੀਰ ਕਰਕੇ।
ਰੱਬ ਕਰੇ ਨਾ ਪਵੇ ਸ਼ਿਕਸਤ ਸਾਨੂੰ
ਸਿਖ ਸਭ ਲੈ ਜਾਣ ਅਸੀਰ ਕਰਕੇ।
ਭੈਣਾਂ ਬੇਟੀਆਂ ਬਹੂਆਂ ਅਸਾਡੀਆਂ ਜੀ
ਸੱਟੇ ਮਾਰ ਯਾ ਛੱਡੇ ਫਕੀਰ ਕਰਕੇ।
ਕਾਦਰਯਾਰ ਤਦਬੀਰ ਨਾਂ ਪਸ਼ ਜਾਵੇ
ਕੰਮਾਂ ਨਾਲ ਜੋ ਹੋਣ ਤਕਦੀਰ ਕਰਕੇ ॥੫॥

ਜੀਮ ਜੱਗ ਮੁਕਾਮ ਫ਼ਨਾਹ ਦਾ ਜੀ
ਏਥੇ ਆਵਣਾ ਨਹੀਂ ਦੂਜੀ ਵਾਰ ਯਾਰੋ।
ਹਥ ਸਖਤ ਤੇ ਦਿਲ ਕੁਰਖ਼ਤ ਕਰ ਕੇ
ਕਰੋ ਖ਼ੂਬ ਤਲਵਾਰ ਦੀ ਮਾਰ ਯਾਰੋ।
ਝਾੜੋ ਐਸੀ ਬੰਦੂਕਾਂ ਦੀ ਵਾੜ ਭਰ ਕੇ
ਰੱਖੇ ਯਾਦ ਨਾਂ ਦੇਵੇ ਵਸਾਰ ਯਾਰੋ।
ਕਾਦਰਯਾਰ ਬਹਾਦੁਰੀ ਕਰੋ ਐਸੀ
ਸਿਖ ਜਾਣ ਨਾ ਅਟਕ ਤੋਂ ਪਾਰ ਯਾਰੋ ॥੬॥

ਚ ਚੁਸਤੀ ਚਲਾਕੀ ਦੇ ਨਾਲ ਯਾਰੋ
ਅਲੀ ਅਕਬਰ ਨੇ ਲਸ਼ਕਰ ਜਮਾਇਆ ਜੀ।
ਪਹਿਲੋਂ ਪੜਤਲਾਂ ਦੇ ਕਰਕੇ ਤਰ੍ਹੇ ਵੱਖਰੇ
ਚਾਲਾ ਲੜਨ ਦਾ ਖ਼ੂਬ ਸਿਖਾਇਆ ਜੀ।
ਅਗੋਂ ਤੋਪਾਂ ਦੇ ਮੋਰਚੇ ਬੀੜ ਕੇ ਜੀ
ਆਸ ਪਾਸ ਰਸਾਲਾ ਖਲਵਾਇਆ ਜੀ।
ਕਾਦਰਯਾਰ ਪਠਾਣ ਤਿਆਰ ਖਲੇ
ਵੇਲਾ ਜੰਗ ਦਾ ਹੁਣ ਨੇੜੇ ਆਇਆ ਜੀ ॥੭॥

ਹੇ ਹਾਲ ਮਹਾਰਾਜ ਦਾ ਜ਼ਿਕਰ ਸੁਣ ਲੋ
ਫੌਜਾਂ ਲਿਆਂਵਦਾ ਵਿਚ ਮੈਦਾਨ ਯਾਰੋ।

ਨੇੜੇ ਆਣ ਕੇ ਬੇੜੇ ਖਲਵਾ ਦਿੰਦਾ
ਜਿੱਥੇ ਖਲ੍ਹਾ ਸੀ ਲਸ਼ਕਰ ਪਠਾਣ ਯਾਰੋ।
ਮਾਰੂ ਮੌਤ ਦੇ ਵਾਜੜੇ ਵੱਜ ਗਏ
ਕੰਬ ਗਿਆ ਜ਼ਿਮੀਂ ਅਸਮਾਨ ਯਾਰੋ।
ਕਾਦਰਯਾਰ ਸਰਕਾਰ ਪੁਕਾਰ ਆਖੇ
ਸੁਣੋ ਖ਼ਾਲਸਾ ਜੀ ਕਰਕੇ ਧਿਆਨ ਯਾਰੋ ॥੮॥

ਖ਼ੇ ਖ਼ੁਦੀ ਹੰਕਾਰ ਨੂੰ ਮਾਰ ਕੇ ਜੀ
ਨਾਮ ਰੱਬ ਦਾ ਲੈ ਕੇ ਲੜੋ ਸਿੰਘੋ।
ਚਿੱਟੀ ਦਾੜ੍ਹੀ ਦੀ ਅੱਜ ਮੇਰੀ ਲਾਜ ਰੱਖੋ
ਇਨ੍ਹਾਂ ਗਾਜ਼ੀਆਂ ਕੋਲੋਂ ਨਾ ਡਰੋ ਸਿੰਘੋ।
ਗੁਰੂ ਹਰਿ ਗੋਬਿੰਦ ਨੂੰ ਯਾਦ ਕਰ ਕੇ
ਹਥ ਵਿਚ ਸ਼ਮਸ਼ੇਰ ਨੂੰ ਫੜੋ ਸਿੰਘੋ।
ਕਾਦਰਯਾਰ ਅਕਾਲ ਅਕਾਲ ਕਰਦੇ
ਚੱਲ ਵਿਚ ਪਸ਼ੌਰ ਦੇ ਵੜੋ ਸਿੰਘੋ ॥੯॥

ਦਾਲ ਦਿਲ ਦੀਆਂ ਅੱਖੀਆਂ ਖੋਲ੍ਹ ਦੇਖੋ
ਕਿੱਥੇ ਤੁਸੀਂ ਤੇ ਕਿੱਥੇ ਲਹੌਰ ਯਾਰੋ।
ਅੱਗਾ ਰੋਕਿਆ ਕਟਕ ਦੁੱਰਾਨੀਆਂ ਨੇ
ਪਿੱਛੇ ਅਟਕ ਦਰਿਆ ਦਾ ਜ਼ੋਰ ਯਾਰੋ।
ਸਾਥੀ ਨਹੀਂ ਕੋਈ ਸੱਜੀ ਬਾਂਹ ਜਿਹਾ
ਬੇਲੀ ਰੱਬ ਦੇ ਬਾਝ ਨਾ ਹੋਰ ਯਾਰੋ।
ਕਾਦਰਯਾਰ ਬਹਾਦੁਰਾਂ ਆਸ਼ਕਾਂ ਨੂੰ
ਪਈ ਖਲ੍ਹੀ ਉਡੀਕਦੀ ਗੋਰ ਯਾਰੋ ॥੧੦॥

ਜ਼ਾਲ ਜ਼ੌਕ ਤੇ ਸ਼ੌਕ ਦੇ ਨਾਲ ਯਾਰੋ
ਲੜੋ ਆਪਣਾ ਆਪ ਸੰਭਾਲ ਕੇ ਜੀ।
ਕੇਹੜੇ ਮੂੰਹ ਲਾਹੌਰ ਦੇ ਵਿਚ ਵੜਸੋ
ਵਿਚ ਪਸ਼ੌਰ ਦੇ ਤਰੱਟੀਆਂ ਗਾਲ ਕੇ ਜੀ।
ਅੱਜ ਰੱਜ ਕੇ ਗੱਜ ਕੇ ਤੇਗ ਮਾਰੋ
ਆਪਣੇ ਗੁਰੂ ਵਾਲੀ ਲੱਜ ਪਾਲ ਕੇ ਜੀ।
ਕਾਦਰਯਾਰ ਪਠਾਣਾਂ ਨੂੰ ਖੂਬ ਸੇਕੋ
ਅੱਜ ਅੱਗ ਲੜਾਈ ਦੀ ਬਾਲ ਕੇ ਜੀ ॥੧੧॥

ਰੇ ਰਾਮ ਦਾ ਨਾਮ ਧਿਆਇ ਕੇ ਜੀ
ਰੱਖੋ ਅਜ ਤਲੀ ਉੱਤੇ ਜਾਨ ਯਾਰੋ।

ਸਿਰ ਦਿਤਿਆਂ ਬਾਝ ਨਾ ਯਾਰ ਮਿਲਦਾ
ਇਹ ਮਿਸਲ ਮਸ਼ਹੂਰ ਜਹਾਨ ਯਾਰੋ ।
ਦਿਲ ਨੂੰ ਜੋਸ਼ ਖਰੋਸ਼ ਦੇ ਨਾਲ ਭਰ ਕੇ
ਤੇਗਾਂ ਮਾਰੀਆਂ ਜਿਵੇਂ ਮੁਲਤਾਨ ਯਾਰੋ ।
ਕਾਦਰਯਾਰ ਤਲਵਾਰ ਚਲਾਉ ਐਸੀ
ਡੁੱਬਣ ਖ਼ੂਨ ਦੇ ਵਿਚ ਅਫ਼ਗਾਨ ਯਾਰੋ ॥੧੨॥

ਜੇ ਜ਼ੋਰ ਦੇ ਸ਼ੋਰ ਦਾ ਜ਼ਿਕਰ ਸੁਣ ਲਓ
ਹੈਸੀ ਨਾਲ ਸਰਕਾਰ ਦੇ ਸੰਗ ਯਾਰੋ ।
ਇਕ ਨਾਮ ਗਰਾਮੀ ਸਰਦਾਰ ਭਾਰਾ
ਹੁਸ਼ਿਆਰ ਮਾਨਿੰਦ ਪਲੰਗ ਯਾਰੋ ।
ਮਸਤ ਜੰਗ ਦੇ ਵਿਚ ਅਨੰਦ ਰਹਿੰਦਾ
ਪੀਂਦਾ ਰੰਗ ਹਰਿਆਵਲੀ ਭੰਗ ਯਾਰੋ ।
ਕਾਦਰਯਾਰ ਮਸ਼ਹੂਰ ਜਹਾਨ ਅੰਦਰ
ਫੂਲਾ ਸਿੰਘ ਅਕਾਲੀ ਨਿਹੰਗ ਯਾਰੋ ॥੧੩॥

ਸੀਨ ਸੁਣੋ ਸਰਕਾਰ ਜੀ ਅਰਜ਼ ਮੇਰੀ
ਪਾਸ ਆ ਸਰਦਾਰ ਪੁਕਾਰਦਾ ਜੀ ।
ਰਹਿਸੀ ਵਿਚ ਜਹਾਨ ਦੇ ਨਾਮ ਸਚਾ
ਬੰਦਾ ਕੂੜ ਦੇ ਮਟ ਉਸਾਰਦਾ ਜੀ ।
ਰੱਖਸੀ ਲਾਜ ਅਜ ਆਪ ਮਹਾਰਾਜ ਤੈਰੀ
ਖਾਸ ਤੁਧ ਤੇ ਫ਼ਜ਼ਲ ਕਰਤਾਰ ਦਾ ਜੀ ।
ਕਾਦਰਯਾਰ ਜੇ ਮੰਨੇ ਸਵਾਲ ਮੇਰਾ
ਪੁੰਨ ਲੱਖ ਤੇ ਗਊ ਹਜ਼ਾਰ ਦਾ ਜੀ ॥੧੪॥

ਸ਼ੀਨ ਸ਼ੁਕਰ ਹਜ਼ਾਰ ਗੁਜ਼ਾਰਸਾਂ ਮੈਂ
ਦਿਓ ਹੁਕਮ ਚਲ ਵੜਾਂ ਮੈਦਾਨ ਦੇ ਵਿਚ ।
ਪਹਿਲੋਂ ਸਭਨਾਂ ਦੇ ਸੀਸ ਭੇਟ ਦੇ ਕੇ
ਰੱਖਾਂ ਤੀਰ ਨੂੰ ਚਿੱਲੇ ਕਮਾਨ ਦੇ ਵਿਚ ।
ਸਤਿ ਸਿਰੀ ਅਕਾਲ ਦਾ ਨਾਮ ਲੈ ਕੇ
ਮਾਰਾਂ ਖਿਚ ਕੇ ਸੀਨੇ ਪਠਾਣ ਦੇ ਵਿਚ ।
ਕਾਦਰਯਾਰ ਤੇਰੇ ਕਦਮਾਂ ਵਿਚ ਕੁੱਸਾਂ
ਰਹਿਸੀ ਨਾਮ ਤਦ ਮੇਰਾ ਜਹਾਨ ਦੇ ਵਿਚ ॥੧੫॥

ਸੁਆਦ ਸਿਦਕ ਦੇ ਨਾਲ ਯਕੀਨ ਕਰ ਲਓ
ਦਿਲ ਚਾਹੁੰਦਾ ਲੜਾਂ ਤਲਵਾਰ ਫੜਕੇ ।

ਉੱਤੋਂ ਗੁਰੂ ਦੇ ਨਾਮ ਤੋਂ ਜਾਨ ਵਾਰਾਂ
ਅੱਜ ਵਿਚ ਮੈਦਾਨ ਦੇ ਮਰਾਂ ਲੜਕੇ।
ਧੜਕੇ ਜ਼ਰਾ ਨਾ ਅੰਦਰੋਂ ਕਾਲਜਾ ਜੀ
ਜਿਸਮ ਵਾਂਗ ਕਬੂਤਰਾਂ ਪਿਆ ਫੜਕੇ।
ਕਾਦਰਯਾਰ ਅਰਸ਼ਾਦ ਫੁਰਮਾਓ ਤੁਸੀਂ
ਏਹੋ ਭਾਹ ਪਰੇਮ ਦੀ ਪਈ ਭੜਕੇ ॥੧੬॥

ਜ਼ੁਆਦ ਜ਼ਰੂਰ ਹੈ ਸੁਖ਼ਨ ਮਨਜ਼ੂਰ ਤੇਰਾ
ਮੂੰਹੋਂ ਆਪ ਮਹਾਰਾਜ ਅਰਸ਼ਾਦ ਕੀਤਾ।
ਤੇਰੇ ਜੈਸਿਆਂ ਨਮਕੇ ਹਲਾਲ ਮਰਦਾਂ
ਸਾਡਾ ਮੁਲਕ ਪੰਜਾਬ ਆਬਾਦ ਕੀਤਾ।
ਤੇਰੇ ਸੁਖ਼ਨ ਪੁਰ-ਜੋਸ਼ ਬੇਖ਼ੌਫ਼ ਨੇ ਜੀ
ਸਾਰੀ ਫ਼ੌਜ ਦੇ ਦਿਲ ਨੂੰ ਸ਼ਾਦ ਕੀਤਾ।
ਕਾਦਰਯਾਰ ਤਿਆਰ ਹੋ ਖ਼ਾਲਸਾ ਜੀ
ਸਚੇ ਸਾਹਿਬ ਨੇ ਅਜ ਹੈ ਯਾਦ ਕੀਤਾ ॥੧੭॥

ਤੋਏ ਤਰਫ਼ ਦੁੱਰਾਨੀਆਂ ਰਵਾਂ ਹੋਇਆ
ਫੂਲਾ ਸਿੰਘ ਅਕਾਲੀ ਤਨਹਾ ਯਾਰੋ।
ਡਾਢੀ ਸ਼ਕਲ ਮਤਵਾਲੀ ਸੀ ਖ਼ੌਫ਼ ਵਾਲੀ
ਨਾਲੇ ਪਹਿਨੀ ਪੌਸ਼ਾਕ ਹੈ ਕਾਲੀ ਯਾਰੋ।
ਖ਼ੂਨੀ ਅੱਖੀਆਂ ਕਹਿਰ ਦੇ ਨਾਲ ਭਰੀਆਂ
ਮੂਹ ਤੇ ਚੋਂਵਦੀ ਕਹਿਰ ਦੀ ਲਾਲ਼ੀ ਯਾਰੋ।
ਕਾਦਰਯਾਰ ਅਸਵਾਰ ਹੋ ਫ਼ੀਲ ਉੱਤੇ
ਟੁਰਿਆ ਮੌਤ ਦੇ ਵੱਲ ਸਵਾਲੀ ਯਾਰੋ ॥੧੮॥

ਜ਼ੋਏ ਜ਼ਾਹਰ ਹੋ ਹੈਰਾਨ ਖੱਲ੍ਹੇ
ਡਿੱਠਾ ਜਦੋਂ ਪਠਾਣਾਂ ਨੇ ਸ਼ੇਰ ਯਾਰੋ।
ਉੱਤੇ ਹਾਥੀ ਦੇ ਝੂਲਦਾ ਕੱਢ ਛਾਤੀ
ਪੈਰ ਪਾਂਵਦਾ ਅਗਾਂ ਅਗੇਰ ਯਾਰੋ।
ਪੁੱਛਣ ਆਪਸ ਦੇ ਵਿਚ ਪਠਾਣ ਰਲ ਕੇ
ਇਹ ਹੈ ਕੌਣ ਸਰਦਾਰ ਦਲੇਰ ਯਾਰੋ।
ਕਾਦਰਯਾਰ ਗ਼ਾਜ਼ੀ ਵੇਖ ਹੋਣ ਰਾਜ਼ੀ
ਕਹਿਣ ਕਰੋ ਬਾਜ਼ੀ ਕਿਨਾਂ ਦੇਰ ਯਾਰੋ ॥੧੯॥

ਐਨ ਅਲੀ ਅਕਬਰ ਵੇਖ ਆਵਦੇ ਨੂੰ
ਬੋਲੇ ਕੜਕ ਕੇ ਵਾਂਗਰਾਂ ਬਰਕ ਯਾਰੋ।

ਹੈ ਕੋਈ ਐਸਾ ਪਠਾਣ ਜੁਆਨ ਮੇਰਾ
ਕਰੇ ਏਸ ਸਰਦਾਰ ਨੂੰ ਗ਼ਰਕ ਯਾਰੋ ।
ਮਾਰ ਬਰਛੀਆਂ ਰੱਤ ਨਚੋੜ ਲਵੇ
ਜਿਵੇਂ ਨਿੱਕਲੇ ਗੁਲਾਬ ਦਾ ਅਰਕ ਯਾਰੋ ।
ਕਾਦਰਯਾਰ ਅੱਲਾ ਉੱਤੇ ਰੱਖ ਤਕਵਾ
ਜਾਨ ਦੇਵਣੋਂ ਕਰੇ ਨਾ ਫ਼ਰਕ ਯਾਰੋ ।।੨੦।।

ਗੈਨ ਗੁੱਸੇ ਦੇ ਨਾਲ ਪਠਾਣ ਬੋਲੇ
ਰਹਿਣ ਵਾਲੇ ਸਵਾਤ ਬਨੇਰ ਮੀਆਂ ।
ਮਸ਼ਹੂਰ ਲੜਾਕੇ ਦੁੱਰਾਨੀਆਂ ਵਿਚ
ਜਿਵੇਂ ਪਾਹੜਿਆਂ ਦੇ ਵਿਚ ਸ਼ੇਰ ਮੀਆਂ ।
ਹੁਕਮ ਹੋਵੇ ਤਾਂ ਤੇਗ਼ਾਂ ਨੂੰ ਖਿੱਚ ਲਈਏ
ਵਿੱਚ ਲੜਨ ਦੇ ਨਹੀਂ ਕੁਝ ਦੇਰ ਮੀਆਂ ।
ਕਾਦਰਯਾਰ ਅਸਵਾਰ ਤੇ ਫ਼ੀਲ ਦਾ ਜੀ
ਪਲ ਵਿਚ ਕਰ ਦੇਵੀਏ ਢੇਰ ਮੀਆਂ ।।੨੧।।

ਫ਼ੇ ਫ਼ੌਰਨ ਸੁਆਤੀ ਬਹਾਦਰਾਂ ਨੇ
ਖਿੱਚੀ ਗੁੱਸੇ ਦੇ ਨਾਲ ਤਲਵਾਰ ਯਾਰੋ ।
ਮੁਛ ਵੱਟ ਕੇ ਤੇ ਮਿਆਨ ਨੂੰ ਸੱਟ ਕੇ ਜੀ
ਰਵਾਂ ਹੋਏ ਨੀ ਵਲ ਸਰਦਾਰ ਯਾਰੋ ।
ਨਾਹਰਾ ਅੱਲਾ-ਹੂ-ਅਕਬਰ ਦਾ ਮਾਰਦੇ ਜੀ
ਸਿੰਘ ਬੋਲਦਾ ਸਤਿ ਕਰਤਾਰ ਯਾਰੋ ।
ਕਾਦਰਯਾਰ ਹੁਣ ਵੇਲਾ ਹੈ ਨਕਦੀਆਂ ਦਾ
ਘੜੀ ਪਲ ਦਾ ਨਹੀਂ ਉਧਾਰ ਯਾਰੋ ।।੨੨।।

ਕਾਫ਼ ਕੰਬਦੀ ਪਈ ਜ਼ਮੀਨ ਯਾਰੋ
ਜਿੱਥੇ ਫ਼ੀਲ ਸਰਦਾਰ ਦਾ ਪੈਰ ਧਰਦਾ ।
ਹੈਸੀ ਖ਼ੂਨੀਆਂ ਵਿਚ ਮਸ਼ਹੂਰ ਹਾਥੀ
ਵਿਚ ਲੜਨ ਦੇ ਬਹੁਤ ਸੀ ਕਹਿਰ ਕਰਦਾ ।
ਤਿਵੇਂ ਥਰਕਦਾ ਚੱਲੇ ਜ਼ਮੀਨ ਉੱਤੇ
ਜਿਵੇਂ ਸੱਪ ਦਰਿਆ ਦੀ ਲਹਿਰ ਤਰਦਾ ।
ਕਾਦਰਯਾਰ ਬੇ-ਖ਼ੌਫ਼ ਸਰਦਾਰ ਬੈਠਾ
ਜਿਵੇਂ ਫਿਰੇ ਲਹੌਰ ਦੀ ਸੈਰ ਕਰਦਾ ।।੨੩।।

ਕਾਫ਼ ਕਹਿਰ ਦੇ ਨਾਲ ਪਠਾਣ ਯਾਰੋ
ਆਏ ਦੌੜਦੇ ਹਾਥੀ ਦੇ ਵੱਲ ਮੀਆਂ ।

ਸ਼ਾਨ ਪਿੱਛੇ ਈਮਾਨ ਕੁਰਬਾਨ ਕਰਕੇ
ਆਸ ਪਾਸ ਉਹਦਾ ਲਿਆ ਮੱਲ ਮੀਆਂ ।
ਸਿੰਘ ਸੂਰਮਾ ਤਨ-ਤਨਹਾ ਯਾਰੋ
ਗਿਆ ਵਿਚ ਦੁੱਰਾਨੀਆਂ ਰਲ ਮੀਆਂ ।
ਕਾਦਰਯਾਰ ਖੂਨੀ ਹਾਥੀ ਮਾਰ ਚੀਕਾਂ
ਪਾਇਆ ਗ਼ਾਜ਼ੀਆਂ ਵਿਚ ਤਰਥੱਲ ਮੀਆਂ ॥੨੪॥

ਗਾਫ਼ ਗੱਜ ਕੇ ਲੜਿਆ ਸੀ ਮਸਤ ਹਾਥੀ
ਕਈ ਵੱਸਦੇ ਝੁਗੜੇ ਉਜਾੜ ਛੱਡੇ ।
ਨਾਲ ਬਰਛਿਆਂ ਜੰਸਿਆਂ ਤੇਜ਼ ਦੰਦਾਂ
ਪੇਟ ਸੈਆਂ ਪਠਾਣਾਂ ਦੇ ਪਾੜ ਛੱਡੇ ।
ਮਾਰ ਫੇਟ ਤੇ ਸੁੰਡ ਵਲੇਟ ਕੇ ਜੀ
ਮਿਸਲ ਮੱਖੀਆਂ ਮਾਰ ਕੇ ਝਾੜ ਛੱਡੇ ।
ਕਾਦਰਯਾਰ ਕੱਦੂ ਵਾਂਗੂੰ ਬਾਜ਼ਿਆਂ ਦੇ
ਸਿਰ ਪੈਰਾਂ ਦੇ ਹੇਠ ਲਤਾੜ ਛੱਡੇ ॥੨੫॥

ਲਾਮ ਲਹੂ ਨਾਲ ਜ਼ਿਮੀਂ ਲਾਲ ਹੋਈ
ਕੋਲ ਆਵਣ ਦੀ ਕਿਸ ਦੀ ਮਜਾਲ ਯਾਰੋ ।
ਤੀਰ ਸਿੰਘ ਦੇ ਸੀਨੇ ਨੂੰ ਚੀਰਦੇ ਜੀ
ਝੱਲੇ ਚੱਕਰਾਂ ਦੀ ਕੇਹੜਾ ਝਾਲ ਯਾਰੋ ।
ਮਸਤ ਹਾਥੀ ਮਸਤਾਨੜੇ ਸਿੰਘ ਨੇ ਜੀ
ਕੀਤਾ ਗ਼ਾਜ਼ੀਆਂ ਦਾ ਖ਼ਸਤਾ ਹਾਲ ਯਾਰੋ ।
ਕਾਦਰਯਾਰ ਪਠਾਣ ਲਾ ਤਾਣ ਥੱਕੇ
ਹੋਇਆ ਹਾਥੀ ਤੇ ਚੜ੍ਹਨਾ ਮੁਹਾਲ ਯਾਰੋ ॥੨੬॥

ਮੀਮ ਮਰਦੇ ਪਰ ਕਦਮ ਨਾਂ ਪਿਛਾਂ ਧਰਦੇ
ਲੜਦੇ ਮਿਸਲ ਖੂੰਖਾਰ ਪਲੰਗ ਦੇ ਜੀ ।
ਜਾਣ ਤਰਫ਼ ਹਾਥੀ ਕਢ ਸਾਫ਼ ਛਾਤੀ
ਜਾਨ ਦੇਵਣੋਂ ਮੂਲ ਨਾ ਸੰਗਦੇ ਜੀ ।
ਨਾਲ ਮਲਿਕੁਤ-ਮੌਤ ਦੇ ਖੇਡ ਹੋਲੀ
ਨਾਲ ਖ਼ੂਨ ਦੇ ਚੋਲੜੇ ਰੰਗਦੇ ਜੀ ।
ਕਾਦਰਯਾਰ ਗਿਆ ਤਿਲਕ ਪੈਰ ਹੇਠੋਂ
ਹਾਥੀ ਡਿੱਗਾ ਸੀ ਸਣੇ ਨਿਹੰਗ ਦੇ ਜੀ ॥੨੭॥

ਨੂੰਨ ਨਾਲ ਚਲਾਕੀ ਸਰਦਾਰ ਨੇ ਜੀ
ਲਿਆ ਆਪਣਾ ਆਪ ਸੰਭਾਲ ਯਾਰੋ ।

ਹਥ ਪਕੜ ਤਲਵਾਰ ਹੁਸ਼ਿਆਰ ਹੋ ਕੇ
ਮਾਰੀ ਉੱਤੇ ਜ਼ਮੀਨ ਦੇ ਛਾਲ ਯਾਰੋ ।
ਡੁੱਲੇ ਬੇਰਾਂ ਦਾ ਅਜੇ ਕੀ ਗਿਆ ਸੀ ਜੀ
ਘਿਓ ਵੀਟਿਆ ਸੀ ਵਿਚ ਥਾਲ ਯਾਰੋ ।
ਕਾਦਰਯਾਰ ਤਲਵਾਰ ਬਰਸਾਣ ਲੱਗਾ
ਮੂੰਹੋਂ ਬੋਲਦਾ ਸਤਿ ਅਕਾਲ ਯਾਰੋ ॥੨੮॥

ਵਾਓ ਵਰ੍ਹਾਈ ਫਿਰ ਸਿੰਘ ਤਲਵਾਰ ਐਸੀ
ਦੂਰੋਂ ਆਉਂਦਾ ਪਿਆ ਸੀ ਖੜਕ ਮੀਆਂ ।
ਜਿਨ੍ਹੂੰ ਧਾਰ ਤਲਵਾਰ ਇਕ ਵਾਰ ਚੁੱਭੀ
ਗਿਆ ਵਾਂਗ ਕਰੀਰ ਦੇ ਕੜਕ ਮੀਆਂ ।
ਲਾ ਜ਼ਰੂਰ ਅਫ਼ਗਾਨ ਬੇ-ਖ਼ੌਫ਼ ਹੁੰਦੇ
ਲੇਕਿਨ ਸਿੰਘ ਸੀ ਬਹੁਤ ਬੇਧੜਕ ਮੀਆਂ ।
ਕਾਦਰਯਾਰ ਅਫ਼ਗਾਨ ਬੇਸ਼ਕ ਲੜਦੇ
ਐਪਰ ਝੱਲ ਨਾ ਸਕਦੇ ਫੜਕ ਮੀਆਂ ॥੨੯॥

ਹੋ ਹੋ ਕੇ ਜਮਾ ਫਿਰ ਗਿਰਦ ਸਾਰੇ
ਵਾਂਗ ਡੇਹਮੂਆਂ ਸਿੰਘ ਨੂੰ ਡੰਗਦੇ ਜੀ ।
ਚਾਰੋਂ ਤਰਫ਼ ਤਲਵਾਰਾਂ ਦੀ ਮਾਰ ਕਰਕੇ
ਬੰਦ ਵੱਢ ਸੁੱਟੇ ਹਰ ਅੰਗ ਦੇ ਜੀ ।
ਬਦਲਾ ਆਪਣਾ ਲੈ ਕੇ ਆਪ ਯਾਰੋ
ਢੂਲ੍ਹਾ ਸਿੰਘ ਮੋਇਆ ਵਿਚ ਜੰਗ ਦੇ ਜੀ ।
ਕਾਦਰਯਾਰ ਦੁੱਰਾਨੀ ਕਰ ਸ਼ਾਦਮਾਨੀ
ਲੋਥ ਬਰਛਿਆਂ ਦੇ ਉੱਤੇ ਟੰਗਦੇ ਜੀ ॥੩੦॥

ਯੇ ਯਾਰੀ ਸਰਦਾਰ ਨੇ ਤੋੜ ਚਾੜ੍ਹੀ
ਮੋਇਆ ਮਾਰ ਕੇ ਵਿਚ ਮੈਦਾਨ ਯਾਰੋ ।
ਦੁਸ਼ਮਣ ਮਾਰ ਕੇ ਆਪ ਹਲਾਕ ਹੋਇਆ
ਦਿਲ ਦੇ ਵਿਚ ਨਾ ਰਿਹਾ ਅਰਮਾਨ ਯਾਰੋ ।
ਆਸ ਪਾਸ ਦੇ ਸਭ ਸ਼ਾਬਾਸ ਕਹਿੰਦੇ
ਕਿਆ ਸਿੱਖ ਤੇ ਕਿਆ ਅਫ਼ਗਾਨ ਯਾਰੋ ।
ਕਾਦਰਯਾਰ ਓਹ ਮੋਇਆਂ ਤਾਂ ਕੀ ਹੋਇਆ
ਦੁਨੀਆਂ ਵਿਚ ਰਹਿਆ ਜ਼ਿੰਦਾ ਨਾਮ ਯਾਰੋ ॥੩੧॥੫॥

## ਸੀ-ਹਰਫ਼ੀ ਸ਼ਿਸ਼ਮ

ਅਲਫ਼ ਅੱਗ ਲੜਾਈ ਦੀ ਭੜਕ ਉੱਠੀ
ਫੂਲਾ ਸਿੰਘ ਜਾਂ ਹੋਇਆ ਸ਼ਹੀਦ ਮੀਆਂ ।
ਜਿਵੇਂ ਅੱਗ ਬਾਰੂਦ ਨੂੰ ਲੱਗ ਜਾਵੇ
ਖਿੱਲਰ ਗਈ ਨਜ਼ਦੀਕ ਬਈਦ ਮੀਆਂ ।
ਦੋਵੇਂ ਸਿੱਖ ਪਠਾਣ ਪਏ ਹੋਣ ਡੱਕਰੇ
ਜਿਵੇਂ ਬੱਕਰੇ ਰੋਜ਼ ਬਕਲ-ਈਦ ਮੀਆਂ ।
ਕਾਦਰਯਾਰ ਮਰਦੇ ਗੀਦੀ ਨਾਲ ਡਰ ਦੇ
ਪਰ ਬਹਾਦੁਰਾਂ ਨੂੰ ਹੋਣੀ ਈਦ ਮੀਆਂ ॥੧॥

ਬੇ ਬੰਦੂਕ ਦੀ ਕੂਕ ਨੂੰ ਕੌਣ ਸੁਣਦਾ
ਜਿਥੇ ਤੋਪਾਂ ਨੇ ਪਾਈ ਏ ਗੱਜ ਯਾਰੋ ।
ਧੂੰਆਂ ਧਾਰ ਤੇ ਗਰਦ ਗੁਬਾਰ ਨੇ ਜੀ
ਲਿਆ ਸਾਰੇ ਮੈਦਾਨ ਨੂੰ ਕੱਜ ਯਾਰੋ ।
ਅਜ਼ਰਾਈਲ ਤਿਆਰ ਹੋ ਕੋਲ ਖਲ੍ਹਾ
ਢੋਲ ਮੌਤ ਵਾਲਾ ਗਿਆ ਵੱਜ ਯਾਰੋ ।
ਕਾਦਰਯਾਰ ਇਕ ਵਾਰ ਤਾਂ ਯਾਦ ਰਖਸੀ
ਜੋਹੜਾ ਜੀਂਵਦਾ ਰਹੇਗਾ ਅੱਜ ਯਾਰੋ ॥੨॥

ਪੇ ਪਏ ਤ੍ਰਭਕਦੇ ਉੱਠ ਘੋੜੇ
ਹੋਏ ਕੰਨ ਡੋਰੇ ਨਾਲ ਗੂੰਜ ਮੀਆਂ ।
ਜ਼ਖਮੀ ਖ਼ੂਨ ਦੇ ਵਿਚ ਗ਼ਲਤਾਨ ਰੁਲਦੇ
ਜਿਵੇਂ ਪਈ ਕੁਰਲਾਂਵਦੀ ਕੂੰਜ ਮੀਆਂ ।
ਮੌਸਮ ਫ਼ਸਲ ਦੇ ਵਿਚ ਜਿਵੇਂ ਫੇਰ ਬਹੁਕਰ
ਭੁੱਖਾ ਜੱਟ ਲੈਂਦਾ ਦਾਣੇ ਹੂੰਝ ਮੀਆਂ ।
ਕਾਦਰਯਾਰ ਗੋਲੇ ਸੋਹਣੀ ਸੂਰਤਾਂ ਨੂੰ
ਵਾਂਗ ਮੂਰਤਾਂ ਦੇਂਦੇ ਪੂੰਝ ਮੀਆਂ ॥੩॥

ਤੇ ਤੋਪਾਂ ਨੂੰ ਚਲਦਿਆਂ ਪਹਿਰ ਹੋਇਆ
ਤੇ ਦੁਪਹਿਰ ਪੁੱਜੀ ਉੱਤੋਂ ਆਣ ਵੇਲੀ ।

ਨਾਲ ਪਿਆਸ ਦੇ ਨਾਲ ਸਭ ਉਦਾਸ ਹੁੰਦੇ
ਸਖ਼ਤ ਧੁੱਪ ਲੱਗੀ ਉੱਤੋਂ ਆਣ ਬੇਲੀ।
ਪਾਂਦੇ ਡੰਡ ਪਰ ਕੰਡ ਨਾਂ ਮੂਲ ਦੇਂਦੇ
ਪਏ ਜਾਨ ਨੂੰ ਕਰਨ ਕੁਰਬਾਨ ਬੇਲੀ।
ਕਾਦਰਯਾਰ ਮਰਦੇ ਉੱਤੇ ਮੋਰਚੇ ਦੇ
ਦੋਵੇਂ ਸਿੱਖ ਤੇ ਨਾਲੇ ਪਠਾਣ ਬੇਲੀ ॥੪॥

ਸੇ ਸਾਬਤੀ ਦੇ ਨਾਲ ਸਿੱਖ ਯਾਰੋ
ਵੇਖੋ ਤਰਫ਼ ਪਠਾਣਾਂ ਦੀ ਬੜ੍ਹਨ ਲੱਗੇ।
ਪਰੇ ਸੱਟ ਬੰਦੂਕ ਤੇ ਘੁੱਟ ਕੇ ਜੀ
ਹੱਥ ਵਿਚ ਸ਼ਮਸ਼ੇਰ ਫੜਨ ਲੱਗੇ।
ਵਸਦੇ ਗੋਲਿਆਂ ਨੂੰ ਜਿਵੇਂ ਜਾਣ ਓਲੇ
ਸਿੱਧੇ ਵਿਚ ਮੈਦਾਨ ਦੇ ਵੜਨ ਲੱਗੇ।
ਕਾਦਰਯਾਰ ਤਲਵਾਰ ਦੀ ਝੰਬ ਦੇ ਕੇ
ਦੁਸ਼ਮਣ ਦਾਣਿਆਂ ਦੇ ਵਾਂਗ ਛੜਨ ਲੱਗੇ ॥੫॥

ਜੀਮ ਜੰਗ ਦਾ ਰੰਗ ਤਾਂ ਹੋਰ ਹੋਇਆ
ਜਦੋਂ ਦੌੜ ਕੇ ਆਏ ਨਿਹੰਗ ਯਾਰੋ।
ਸ਼ੇਰ ਬੱਬਰ ਵਾਂਗੂ ਹਥ ਤਬਰ ਫੜ ਕੇ
ਨਾਹਰਾ ਮਾਰਦੇ ਜਿਵੇਂ ਮਲੰਗ ਯਾਰੋ।
ਜਮਾਂ ਹੋਇ ਕੇ ਮੋਰਚੇ ਵਲ ਆਏ
ਜਿਵੇਂ ਸ਼ਮਾ ਤੇ ਜਾਏ ਪਤੰਗ ਯਾਰੋ।
ਕਾਦਰਯਾਰ ਪਠਾਣ ਤੇ ਸਿੱਖ ਦੋਵੇਂ
ਦਿੱਤੇ ਹੁਣ ਤਕਦੀਰ ਨੇ ਢੰਗ ਯਾਰੋ ॥੬॥

ਚੇ ਚੁਸਤੀ ਦੇ ਨਾਲ ਦੁੱਰਾਨੀਆਂ ਨੇ
ਖਿੱਚੀ ਗੁੱਸੇ ਦੇ ਨਾਲ ਤਲਵਾਰ ਯਾਰੋ।
ਕਾਇਮ ਹੋ ਕੇ ਆਪਣੀ ਜਗਾ ਉੱਤੇ
ਨਾਹਰਾ ਮਾਰਦੇ ਖੂਬ ਲਲਕਾਰ ਯਾਰੋ।
ਜਿਵੇਂ ਸ਼ੇਰ ਬੱਗੇ ਸਿਖ ਗਲੇ ਲੱਗੇ
ਸ਼ੁਰੂ ਹੋਈ ਤਲਵਾਰ ਦੀ ਮਾਰ ਯਾਰੋ।
ਕਾਦਰਯਾਰ ਵਿਚਾਰ ਦੇ ਨਾਲ ਦੇਖੋ
ਸਿੱਖ ਇੱਕ ਪਠਾਣ ਜੇ ਚਾਰ ਯਾਰੋ ॥੭॥

ਹੇ ਹਲਾਲ ਦਾ ਚੰਨ ਜਿਵੇਂ ਚਮਕਦਾ ਏ
ਤਿਵੇਂ ਚਮਕਦੀ ਪਈ ਸ਼ਮਸ਼ੇਰ ਮੀਆਂ।

ਇਕ ਵਾਰ ਜੇਹਨੂੰ ਧਾਰ ਵਹਿ ਜਾਵੇ
ਤਾਬ ਰਹੇ ਨਾ ਲੜਨ ਦੀ ਫੇਰ ਮੀਆਂ ।
ਜ਼ਿਮੀਂ ਲਹੂ ਦੇ ਨਾਲ ਤਾਂ ਲਾਲ ਹੋਈ
ਲੱਗੇ ਮੁਰਦਿਆਂ ਦੇ ਆਣ ਢੇਰ ਮੀਆਂ ।
ਕਾਦਰਯਾਰ ਆ ਕਹਿਰ ਨੇ ਜ਼ੋਰ ਪਾਇਆ
ਉੱਡ ਗਈ ਜਹਾਨ ਤੋਂ ਮਿਹਰ ਮੀਆਂ ॥੮॥

ਖ਼ੇ ਖ਼ੂਬ ਲੜਦੇ ਸਿੰਘ ਗੱਡ ਕੇ ਜੀ
ਕੱਢ ਦਿੱਤਾ ਪਠਾਣਾਂ ਦਾ ਧੂੰ ਮੀਆਂ ।
ਨਾਲ ਤੇਗ ਫੱਟੇ ਕੀਤੇ ਦੰਦ ਖੱਟੇ
ਯਾਦ ਆਂਵਦਾ ਤੂੰ ਹੀ ਤੂੰ ਮੀਆਂ ।
ਇਕ ਦੂਸਰੇ ਨੂੰ ਕਤਲ ਕਰਨ ਯਾਰੋ
ਜਿਵੇਂ ਰੰਨ ਚਾ ਮਾਰਦੀ ਜੂੰ ਮੀਆਂ ।
ਕਾਦਰਯਾਰ ਤਲਵਾਰ ਚਲਾਈ ਸਿੱਖਾਂ
ਜਿਵੇਂ ਪੇਂਜਾ ਹੈ ਪਿੰਜਦਾ ਰੂੰ ਮੀਆਂ ॥੯॥

ਦਾਲ ਦੱਬ ਕੇ ਖ਼ਾਲਸਾ ਫ਼ੌਜ ਲੜੀ
ਜਿਵੇਂ ਚੜ੍ਹੀ ਝਨਾਂ ਦੀ ਕਾਂਗ ਯਾਰੋ ।
ਪਸ਼ੇਮਾਨ ਤੇ ਹੋ ਹੈਰਾਨ ਖਲੋ
ਭੁਲ ਗਈ ਪਠਾਣਾਂ ਨੂੰ ਬਾਂਗ ਯਾਰੋ ।
ਸਹਿੰਦੇ ਫੜਕ ਨਾ ਕੜਕਦੇ ਨਾਲ ਤੇਗਾਂ
ਜਿਵੇਂ ਲਕੜੀ ਦੀ ਹੁੰਦੀ ਛਾਂਗ ਯਾਰੋ ।
ਕਾਦਰਯਾਰ ਅਕਾਲੀਆਂ ਤਬਰ ਫੜ ਕੇ
ਕੀਤੀ ਆਣ ਪਠਾਣਾਂ ਦੀ ਛਾਂਗ ਯਾਰੋ ॥੧੦॥

ਡਾਲ ਡੌਰ ਹੋਏ ਨਾਲੇ ਭੌਰ ਹੋਏ
ਹੋਰ ਤੌਰ ਹੋਏ ਯਾਰੋ ਗ਼ਾਜ਼ੀਆਂ ਦੇ ।
ਹੋ ਕੇ ਚਾਕ ਰੁਲਦੇ ਵਿਚ ਖ਼ਾਕ ਦੇ ਜੀ
ਜੇਹੜੇ ਸਾਹਨ ਚੜ੍ਹਦੇ ਉਪਰ ਤਾਜ਼ੀਆਂ ਦੇ ।
ਧੁਰੋਂ ਹਾਰ ਨਸੀਬ ਨੂੰ ਧਾੜ ਪੈ ਗਈ
ਹੁਣ ਕੌਣ ਸੁਣਦਾ ਮਸਲੇ ਕਾਜ਼ੀਆਂ ਦੇ ।
ਕਾਦਰਯਾਰ ਵੁਜ਼ੂ ਲਹੂ ਨਾਲ ਕਰਦੇ
ਸੱਥਰ ਲੱਥੇ ਨੀ ਅੱਜ ਨਮਾਜ਼ੀਆਂ ਦੇ ॥੧੧॥

ਜ਼ਾਲ ਜ਼ਿਬਾਹ ਪਏ ਤਿੱਤਰਾਂ ਵਾਂਗ ਹੁੰਦੇ
ਦੇਂਦੇ ਕੰਡ ਨਾਂ ਮਿੱਤਰ ਪਿਆਰਿਆਂ ਨੂੰ ।

ਗ਼ਾਜ਼ੀ ਮਰਨ ਤੇ ਹੋਏ ਨੇ ਆਪ ਰਾਜ਼ੀ
ਕਰਕੇ ਯਾਦ ਆਪਣੇ ਪੀਰਾਂ ਸਾਰਿਆਂ ਨੂੰ।
ਸਿੱਕ ਬੱਚਿਆਂ ਦੀ ਘਰ ਦੇ ਵਲ ਖਿੱਚੇ
ਦਿੱਸੇ ਰਾਹ ਨਾ ਕੋਈ ਵਿਚਾਰਿਆਂ ਨੂੰ।
ਕਾਦਰਯਾਰ ਕਰਦੇ ਯਾਦ ਔਰਤਾਂ ਨੂੰ
ਜੇਹੜੀਆਂ ਗਿਣਦੀਆਂ ਪਈਆਂ ਨੇ ਤਾਰਿਆਂ ਨੂੰ ॥੧੨॥

ਰੇ ਰੱਖਿਆ ਜ਼ਰਾ ਨਾ ਫ਼ਰਕ ਬਾਕੀ
ਕੀਤੀ ਖ਼ਾਲਸੇ ਨੇ ਡਾਢੀ ਜ਼ੋਰੀਆਂ ਜੀ।
ਬੇ-ਲਗਾਮ ਘੋੜੇ ਦੌੜੇ ਚਾਰ ਤਰਫ਼ੀਂ
ਤੇ ਸਵਾਰਾਂ ਦੀਆਂ ਕੀਤੀਆਂ ਪੋਰੀਆਂ ਜੀ।
ਪਿਚਕਾਰੀ ਤਾਂ ਬਰਛੀ ਦੀ ਠੀਕ ਮਾਰੀ
ਖ਼ੂਬ ਖੇਡੀਆਂ ਖ਼ਾਲਸੇ ਹੋਰੀਆਂ ਜੀ।
ਕਾਦਰਯਾਰ ਪਠਾਣਾਂ ਦੇ ਰੁਲਣ ਮੁਰਦੇ
ਜਿਵੇਂ ਰੁਲਦੀਆਂ ਬਾਗ਼ ਵਿਚ ਤੋਰੀਆਂ ਜੀ ॥੧੩॥

ਜ਼ੇ ਜ਼ੋਰ ਦੁੱਰਾਨੀਆਂ ਬਹੁਤ ਲਾਇਆ
ਅੱਪਰ ਪੇਸ਼ ਨਾਂ ਜਾਂਵਦੀ ਇੱਕ ਮੀਆਂ।
ਕੇਹੜਾ ਪਾੜ ਤਲਵਾਰ ਦੇ ਆਣ ਮੇਲੇ
ਹਾੜ੍ਹੇ ਲਾ ਕੇ ਥੱਕੇ ਅਨੇਕ ਮੀਆਂ।
ਕੰਧਾਂ ਕਾਬਲ ਦੀਆਂ ਗਈਆਂ ਕੰਬ ਯਾਰੋ।
ਪਹੁੰਚਾ ਜਾ ਕੰਧਾਰ ਨੂੰ ਸੇਕ ਮੀਆਂ।
ਕਾਦਰਯਾਰ ਪਠਾਣਾਂ ਦੇ ਵਿਚ ਸੀਨੇ
ਪਾਇਆ ਸ਼ਰਮ ਦੇ ਵਰਮ ਨੇ ਛੇਕ ਮੀਆਂ ॥੧੪॥

ਸੀਨ ਸਿੱਖਾਂ ਨੇ ਅੱਢੇ ਮੁਕਾ ਛੱਡੇ
ਪਏ ਧਾਰ ਤਲਵਾਰ ਨੂੰ ਆਣ ਫੱਡੇ।
ਮਾਰ ਮਾਰ ਕੇ ਲਾ ਅੰਬਾਰ ਦਿੱਤੇ
ਯਾਰੋ ਸਿੱਖ ਤਲਵਾਰ ਦੇ ਧਨੀ ਵੱਡੇ।
ਨਾਲ ਜੋਸ਼ ਪਠਾਣਾਂ ਤੋਂ ਤਰੋੜ ਦਿੱਤਾ
ਜਿਵੇਂ ਖੋਰ ਪੈ ਜਾਂਵਦੇ ਮਸਤ ਸੱਢੇ।
ਕਾਦਰਯਾਰ ਲਲਕਾਰ ਵਗਾਰ ਦੇ ਨੇ
ਮਾਝੇ ਮਾਲਵੇ ਦੇ ਹੁਸ਼ਿਆਰ ਠੱਢੇ ॥੧੫॥

ਸ਼ੀਨ ਸ਼ੋਰ ਦਾ ਜ਼ੋਰ ਹੁਣ ਬਹੁਤ ਹੋਇਆ
ਡਾਢੀ ਆਣ ਹੋਈ ਸ਼ੁਰੂ ਕੱਟ ਯਾਰੋ।

ਸਿਰ ਸੱਟ ਕੇ ਪਏ ਪਠਾਣ ਲੜਦੇ
ਦਿੱਤਾ ਸੈਆਂ ਨਿਹੰਗਾਂ ਨੂੰ ਫੱਟ ਯਾਰੋ ।
ਝਟ ਸਿੱਖ ਆਪਣਾ ਬਦਲਾ ਲੈਣ ਕਾਰਣ
ਵਾਂਗ ਬਾਜ਼ਾਂ ਦੇ ਮਾਰਦੇ ਝੱਟ ਯਾਰੋ ।
ਕਾਦਰਯਾਰ ਪਠਾਣਾਂ ਦੀ ਫੌਜ ਅੰਦਰ
ਪਿਆ ਆਣ ਕੇ ਹੁਣ ਕੁਰਲੱਟ ਯਾਰੋ ॥੧੬॥

ਸੁਆਦ ਸਾਫ਼ ਲੜਾਈ ਦਾ ਹਾਲ ਸਾਰਾ
ਇੱਕ ਉੱਚੀ ਪਹਾੜੀ ਦੇ ਸਿਰੇ ਚੜ੍ਹ ਕੇ ।
ਰਣਜੀਤ ਸਿੰਘ ਸਰਕਾਰ ਨੇ ਆਪ ਡਿੱਠਾ
ਅੱਖੀਂ ਨਾਲ ਯਾਰੋ ਦੂਰਬੀਨ ਧਰ ਕੇ
ਕਿਸ ਤਰ੍ਹਾਂ ਨਿਹੰਗਾਂ ਨੇ ਪਕੜ ਤੇਗਾਂ
ਲਾਹ ਦਿੱਤੇ ਪਠਾਣਾਂ ਦੇ ਮਾਰ ਫੜਕੇ ।
ਕਾਦਰਯਾਰ ਸਰਕਾਰ ਮਾਲੂਮ ਕੀਤਾ
ਦਿਲ ਵਿਚ ਹੁਣ ਸਭ ਪਠਾਣ ਧੜਕੇ ॥੧੭॥

ਜ਼ੁਆਦ ਜ਼ਰੂਰ ਸਰਕਾਰ ਦੇ ਨਾਲ ਯਾਰੋ
ਹੈਸੀ ਚਾਰ ਹਜ਼ਾਰ ਅਸਵਾਰ ਮੀਆਂ ।
ਇੱਕ ਢਾਲ ਹੇਠਾਂ ਸੱਭੇ ਮਰਨ ਵਾਲੇ
ਵਿਚ ਲੜਨ ਦੇ ਬਹੁਤ ਹੁਸ਼ਿਆਰ ਮੀਆਂ ।
ਤੁਰਤ ਹੇਠ ਪਹਾੜੀ ਤੋਂ ਉੱਤਰ ਕੇ ਜੀ
ਨਾਲ ਜੁਰੱਤ ਦੇ ਬੱਧੀ ਕਤਾਰ ਮੀਆਂ ।
ਕਾਦਰਯਾਰ ਨੱਕਾਰੇ ਤੇ ਚੋਟ ਲਾਈ
ਆਈ ਜੰਗ ਦੇ ਵਲ ਸਰਕਾਰ ਮੀਆਂ ॥੧੮॥

ਤੋਏ ਤਰਫ ਮੈਦਾਨ ਦੇ ਚਟਕ ਆਏ
ਜਿਵੇਂ ਚੁੰਗੀਆਂ ਮਾਰਦੇ ਬੱਕ ਯਾਰੋ ।
ਹੱਥ ਪਕੜ ਨੇਜ਼ੇ ਮਾਰੋ ਮਾਰ ਕਰਦੇ
ਵੜਦੇ ਵਿਚ ਮੈਦਾਨ ਬੇ-ਝੱਕ ਯਾਰੋ ।
ਸਿਰ ਗਿਆ ਤੇ ਜਾਏ ਬੇ-ਸ਼ਕ ਉਸ ਦਾ
ਜਗ ਵਿਚ ਰਿਹਿਆ ਜਿਸ ਦਾ ਨੱਕ ਯਾਰੋ ।
ਕਾਦਰਯਾਰ ਸਰਕਾਰ ਨੂੰ ਵੇਖ ਕੇ ਤੇ
ਤਰੁੱਟ ਗਿਆ ਪਠਾਣਾਂ ਦਾ ਛੱਕ ਯਾਰੋ ॥੧੯॥

ਜ਼ੋਏ ਜ਼ਾਹਰ ਰਿਹਾ ਨਾ ਜ਼ਰਾ ਫ਼ਕਾ
ਲੱਗਾ ਜਦੋਂ ਅਸਵਾਰਾਂ ਦਾ ਆਣ ਧੱਕਾ ।

ਜਿਵੇਂ ਛੱਤ ਹੇਠੋਂ ਕੜੱਕ ਪਾਟ ਜਾਵੇ
ਢੈ ਪੈਂਦਾ ਏ ਝੱਟ ਮਕਾਨ ਪੱਕਾ।
ਤਿਵੇਂ ਹਿੱਲ ਪੈ ਗਈ ਦੁੱਰਾਨੀਆਂ ਨੂੰ
ਕੇਹੜਾ ਵਲ ਕੇ ਦੇਵਸੀ ਆਣ ਡੱਕਾ।
ਕਾਦਰਯਾਰ ਪਠਾਣ ਨਾਂ ਰਹੇ ਕਾਇਮ
ਸਾਰਾ ਜ਼ੋਰ ਅਲੀ ਅਕਬਰ ਲਾ ਥੱਕਾ ॥੨੦॥

ਐਨ ਅਕਲ ਸਾਰੀ ਮਾਰੀ ਗਈ ਯਾਰੋ
ਐਸੀ ਪਈ ਪਠਾਣਾਂ ਨੂੰ ਫੰਡ ਮੀਆਂ।
ਇਕ ਘੜੀ ਦੇ ਵਿਚ ਅਕਾਲੀਆਂ ਨੇ
ਲਿਆ ਦਾਲ ਫੁਲਕਾ ਉਥੇ ਵੰਡ ਮੀਆਂ।
ਕਖ ਰਿਹਾ ਨਾਂ ਪਲੇ ਦੁੱਰਾਨੀਆਂ ਦੇ
ਚਾਰੇ ਕੰਨੀਆਂ ਚਲੇ ਨੀ ਛੰਡ ਮੀਆਂ।
ਕਾਦਰਯਾਰ ਪਠਾਣਾਂ ਨਮਾਣਿਆਂ ਨੇ
ਦਿੱਤੀ ਉੱਤੇ ਮੈਦਾਨ ਦੇ ਕੰਡ ਮੀਆਂ ॥੨੧॥

ਗੈਨ ਗ਼ਰੂਰ ਦੇ ਨਾਲ ਨਿਹੰਗ ਸਾਰੇ
ਨੱਸਦੇ ਗ਼ਾਜ਼ੀਆਂ ਨੂੰ ਕਰਦੇ ਚੂਰ ਯਾਰੋ।
ਇਕ ਆਣ ਦੇ ਵਿਚ ਮੈਦਾਨ ਸਾਰਾ
ਹੋਇਆ ਮੁਰਦਿਆਂ ਨਾਲ ਭਰਪੂਰ ਯਾਰੋ।
ਨੇੜੇ ਰਹਿਆ ਨਾਂ ਇਕ ਪਠਾਣ ਜ਼ਿੰਦਾ
ਬਚ ਗਿਆ ਜੇਹੜਾ ਗਿਆ ਦੂਰ ਯਾਰੋ।
ਕਾਦਰਯਾਰ ਸ਼ਰਾਬ ਬਹਾਦੁਰੀ ਨੇ
ਕੀਤਾ ਸਿੰਘਾਂ ਨੂੰ ਬਹੁਤ ਮਖ਼ਮੂਰ ਯਾਰੋ ॥੨੨॥

ਫੇ ਫੇਰ ਨਾਂ ਪਵੇ ਅੰਧੇਰ ਐਸਾ
ਹੈ ਵਿਰਦ ਇਹ ਮੇਰੀ ਜ਼ਬਾਨ ਉੱਤੇ।
ਬਾਦਸ਼ਾਹ ਕੁਰਾਹੇ ਨਾਂ ਪੈਣ ਯਾਰੋ
ਕਾਇਮ ਰਹਿਣ ਸਭ ਆਪਣੇ ਈਮਾਨ ਉੱਤੇ।
ਪੂਰਾ ਅੱਸੀ ਹਜ਼ਾਰ ਪਠਾਣ ਯਾਰੋ
ਕਤਲ ਹੋਇਆ ਨੁਸ਼ਹਿਰੇ ਮੈਦਾਨ ਉੱਤੇ।
ਕਾਦਰਯਾਰ ਸਰਕਾਰ ਨੇ ਫ਼ਤਿਹ ਪਾਈ
ਧੁੰਮ ਪਈ ਏ ਸਾਰੇ ਜਹਾਨ ਉੱਤੇ ॥੨੩॥

ਕਾਫ਼ ਕਾਬੁਲ ਸ਼ਿਕਸਤ ਦੀ ਖ਼ਬਰ ਪਹੁੰਚੀ
ਪਿਆ ਵਖਤ ਕੱਧਾਂ ਹੋਈਆਂ ਕਾਲੀਆਂ ਜੀ।

ਤੇਰੇ ਖ਼ਾਨ ਸਾਰੇ ਸੋਹਣੀ ਸ਼ਾਨ ਵਾਲੇ
ਮਾਰੇ ਵਿਚ ਮੈਦਾਨ ਅਕਾਲੀਆਂ ਜੀ ।
ਤੇਰੇ ਬਾਗ਼ ਦੇ ਵਿਚ ਨਾ ਜ਼ਾਗ਼ ਲਭਦਾ
ਉੱਡ ਗਏ ਤੋਤੇ ਮੈਨਾਂ ਲਾਲੀਆਂ ਜੀ ।
ਕਾਦਰਯਾਰ ਨਿਹੰਗਾਂ ਨੇ ਪੀ ਭੰਗਾਂ
ਫਲ ਵੱਢ ਸੁੱਟੇ ਸਣੇ ਡਾਲੀਆਂ ਜੀ ॥੨੪॥

ਕਾਫ਼ ਕਹਿਰ ਖ਼ੁਦਾ ਦਾ ਪਵੇ ਸਿੱਖ
ਕਹਿਣ ਲਹਿਰ ਦੇ ਵਿਚ ਪਠਾਣੀਆਂ ਜੀ ।
ਅੱਛੀ ਕੀਤੀ ਜੇ ਜ਼ਾਲਮੋਂ ਨਾਲ ਸਾਡੇ
ਮਾਰੀ ਵਿਚ ਕਲੇਜੇ ਦੇ ਕਾਨੀਆਂ ਜੀ ।
ਰੱਬ ਕਰੇ ਜੇ ਚੜ੍ਹੇ ਗ਼ਨੀਮ ਕੋਈ
ਵਿਚੋਂ ਰੂਸ ਯਾ ਲਸ਼ਕਰ ਕਰੱਾਨੀਆਂ ਜੀ ।
ਕਾਦਰਯਾਰ ਅਜ ਗ਼ੈਬ ਦਾ ਪਵੇ ਗ਼ੌਲਾ
ਰੋਣ ਵਿਚ ਪੰਜਾਬ ਜ਼ਨਾਨੀਆਂ ਜੀ ॥੨੫॥

ਗਾਫ਼ ਗੁਰੂ ਨੇ ਰੱਖੀ ਹੈ ਲਾਜ ਮੇਰੀ
ਮੂੰਹੋਂ ਬੋਲਿਆਂ ਫੇਰ ਮਹਾਰਾਜ ਸਾਈਂ ।
ਗੁਰੂ ਮਾਲਕ ਹੈ ਦੋ ਜਹਾਨ ਦਾ ਜੀ
ਕੇਹੜੀ ਥਾਂ ਜਿੱਥੇ ਉਹਦਾ ਰਾਜ ਨਾਹੀਂ ।
ਬਿਨਾਂ ਹੁਕਮ ਕੋਈ ਤਾਜ ਨੂੰ ਨਹੀਂ ਪਾਵੇ
ਬਿਨਾਂ ਹੁਕਮ ਆਵੇ ਕਿਸੇ ਭਾਜ ਨਾਹੀਂ ।
ਕਾਦਰਯਾਰ ਖ਼ੁਰਸੰਦ ਹੈ ਉਹ ਬੰਦਾ
ਬਿਨਾਂ ਬੰਦਗੀ ਦੇ ਦੂਜਾ ਕਾਜ ਨਾਹੀਂ ॥੨੬॥

ਲਾਮ ਲੰਘ ਗਿਆ ਰੋਜ਼ ਜੰਗ ਵਾਲਾ
ਉਤੋਂ ਮੂੰਹ ਆਈ ਕਾਲੀ ਰਾਤ ਯਾਰੋ ।
ਸਿੰਘ ਉੱਤੇ ਮੈਦਾਨ ਦੇ ਤਾਣ ਦਿੰਦੇ
ਛੋਲਦਾਰੀਆਂ ਤੰਬੂ ਕਨਾਤ ਯਾਰੋ ।
ਸਮਿਆਨ ਫਿਰ ਖਾਣ ਦਾ ਕਰਨ ਲੱਗੇ
ਆਣ ਚੜ੍ਹਨ ਲੱਗੀ ਦਾਲ ਭਾਤ ਯਾਰੋ ।
ਕਾਦਰਯਾਰ ਅਕਾਲੀਆਂ ਫੇਰ ਚੌਕੇ
ਆਟੇ ਗੁੰਧੇ ਨੀਂ ਵਿਚ ਪਰਾਤ ਯਾਰੋ ॥੨੭॥

ਮੀਮ ਮੂੰਹ ਅਨੇਰ੍ਹੇ ਨਿਹੰਗ ਸਾਰੇ
ਫੇਰਾ ਪਾਂਵਦੇ ਵਿਚ ਮੈਦਾਨ ਦੇ ਜੀ ।

ਵਿਚ ਮੁਰਦਿਆਂ ਦੇ ਟੁਰਦੇ ਨਜ਼ਰ ਕਰਕੇ
ਮੋਇਆਂ ਯਾਰਾਂ ਨੂੰ ਪਏ ਪਛਾਣਦੇ ਜੀ।
ਹੱਥ ਜੋੜ ਅਰਦਾਸ ਕਰਨ ਗੁਰੂ ਅੱਗੇ
ਜਦੋਂ ਯਾਰ ਦਾ ਮੂੰਹ ਸਿੰਞਾਣਦੇ ਜੀ।
ਕਾਦਰਯਾਰ ਨਿਹੰਗ ਮਲੰਗ ਬਣ ਕੇ
ਸਤਿ ਸ੍ਰੀ ਅਕਾਲ ਗਜਾਂਵਦੇ ਜੀ ॥੨੮॥

ਨੂੰਨ ਨਾਹਸ਼ ਫੂਲਾ ਸਿੰਘ ਸੂਰਮੇ ਦੇ
ਹੋਈ ਬਹੁਤ ਤਾਲਾਸ਼ ਮੈਦਾਨ ਉੱਤੇ।
ਹੋਏ ਹੱਕੇ ਬੱਕੇ ਸੱਭੇ ਲੱਭ ਥੱਕੇ
ਮਹਾਰਾਜ ਦੇ ਖ਼ਾਸ ਫ਼ਰਮਾਨ ਉੱਤੇ।
ਯਾ ਉਹ ਗ਼ਰਕ ਹੋ ਵੜੀ ਜ਼ਮੀਨ ਦੇ ਵਿੱਚ
ਯਾ ਕਿ ਬਰਕ ਹੋ ਕੇ ਚੜ੍ਹੀ ਅਸਮਾਨ ਉੱਤੇ।
ਕਾਦਰਯਾਰ ਨਿਹੰਗ ਹੈਰਾਨ ਖੱਲ੍ਹੇ
ਨਹੀਂ ਠਹਿਰਦੇ ਕਿਸੇ ਕਮਾਨ ਉੱਤੇ ॥੨੯॥

ਵ੍ਹਾਓ ਵਿਚ ਮੈਦਾਨ ਦੇ ਮੁਰਦਿਆ ਦਾ
ਲੱਗਾ ਆਣ ਸੀ ਬੜਾ ਇਕ ਢੇਰ ਮੀਆਂ।
ਐਸੀ ਹੋਰ ਕਤਲਾਮ-ਗਾਹ ਖਤਰ ਵਾਲੀ
ਨਜ਼ਰ ਆਵੇ ਨਾਂ ਚਾਰ ਚੁਫ਼ੇਰ ਮੀਆਂ।
ਟੰਗਾਂ ਬਾਹਾਂ ਦਾ ਚੰਗਾ ਅੰਬਾਰ ਲੱਗਾ
ਸਿਰੀਆਂ ਰੁਲਦੀਆਂ ਵਾਂਗਰਾਂ ਬੇਰ ਮੀਆਂ।
ਕਾਦਰਯਾਰ ਸਰਕਾਰ ਨੇ ਵੇਖ ਕਹਿਆ
ਹੋਸੀ ਹੇਠ ਇਸ ਢੇਰ ਦੇ ਸ਼ੇਰ ਮੀਆਂ ॥੩੦॥

ਹੇ ਹੋ ਹੁਸ਼ਿਆਰ ਤਿਆਰ ਸਾਰੇ
ਲੱਗੇ ਫੋਲਣੇ ਉਸ ਅੰਬਾਰ ਨੂੰ ਜੀ।
ਹੱਥਾਂ ਨਾਲ ਹਟਾਂਵਦਾ ਆਪ ਮੁਰਦੇ
ਐਸਾ ਸ਼ੌਕ ਸੀ ਖ਼ਾਸ ਸਰਕਾਰ ਨੂੰ ਜੀ।
ਬਿਸੀਆਰ ਤਲਾਸ਼ ਦੇ ਬਾਦ ਯਾਰੋ
ਪੁੰਨੀ ਆਸ ਸਭ ਦੀ ਆਖ਼ਰ-ਕਾਰ ਹੈ ਜੀ।
ਕਾਦਰਯਾਰ ਨਿਕਾਲਿਆ ਢੇਰ ਹੇਠੋਂ
ਫੂਲਾ ਸਿੰਘ ਦਲੇਰ ਸਰਦਾਰ ਨੂੰ ਜੀ ॥੩੧॥

ਯੇ ਯਾਦ ਕਰ ਕੇ ਮਰਦਿਆਈ ਉਸ ਦੀ
ਮਹਾਰਾਜ ਨੇ ਦਿੱਤੀ ਦੁਹਾਈ ਯਾਰੋ।

ਕਰੇ ਸ਼ੁਕਰ ਅਕਾਲ ਦਾ ਫ਼ੌਜ ਸਾਰੀ
ਲਾਸ਼ ਘੁੱਟ ਕੇ ਗਲੇ ਲਗਾਈ ਯਾਰੋ
ਸਭ ਸਿੰਘ ਸਰਦਾਰ ਅਰਦਾਸ ਕਰਦੇ
ਨਦੀ ਹੰਝੂ ਨਾ ਕਿਸੇ ਵਗਾਈ ਯਾਰੋ
ਕਾਦਰਯਾਰ ਸਤਕਾਰ ਅਰਦਾਸ ਕੀਤੀ
ਏਥੇ ਜਾਏ ਸਮਾਧ ਬਣਾਈ ਯਾਰੋ ॥੩੨॥੬॥

॥ ਖ਼ਤਮ ਸ਼ੁਦ ॥

# ਅਰਥਾਵਲੀ

ਉੱਠ, ਊੱਠ, ਊਂਟ, ਸ਼ੁਤਰ
ਓਹ, ਓਹ ਜੋ ਹੈ, 'ਨਾਓ' ਰੱਬ ਸੱਚੇ ਦਾ, ਹੂ, ਹੋ

ਅਸਪ, ਘੋੜਾ
ਅਸ਼ਰਫ਼ੀ, ਸੋਨੇ ਦਾ ਸਿੱਕਾ, ਮੋਹਰ
ਅਸੀਰ, ਕੈਦ, ਬੰਦੀਵਾਨ, ਫਸਿਆ ਹੋਇਆ
ਅਸੀਲ ਅਸਲੀ, ਭਲਾਮਾਣਸ, ਨੇਕ
ਅਤਾਈ, ਸਿਰਕੱਢ, ਆਕੜਖਾਨ, ਕਿਸੇ ਦੀ ਈਨ ਨਾ ਮੰਨਣ ਵਾਲਾ, ਆਪ-ਮਤਾ
ਅਦਬ, ਅਦਾਬ, ਸਲਾਮ-ਦੁਆ
ਅਜ਼ਾਬ, ਦੁਖ, ਤਕਲੀਫ਼, ਤਸੀਹੇ
ਅਫਲ, ਬਿਨਾਂ ਫਲ ਤੋਂ
ਅਫ਼ਲਾਤੂ, ਅਫਲਾਤੂੰਨ, ਯੂਨਾਨ (ਏਥਨਜ਼) ਦਾ ਇਕ ਫਲਾਸਫ਼ਰ, ਪਲੇਟੋ
ਅਸਤ, ਪਾਰ ਜਾਣਾ, ਡੁੱਬਣਾ, ਗ਼ਰੂਬ ਹੋਣਾ
ਅਬੂਤਬੇਲਾ, ਅਵੀਤਾਬਿਲੇ (Avitabile), ਮਹਾਰਾਜਾ ਰਣਜੀਤ ਸਿੰਘ ਦਾ ਇਕ ਇਟੈਲੀਅਨ ਅਫਸਰ
ਅਰਸ਼ਾਦ (ਫ਼ਰਮਾਨਾ), ਰਸਤਾ ਦਸਣਾ, ਆਗਿਆ ਕਰਨਾ, ਹੁਕਮ ਦੇਣਾ
ਅਮਾਨ, ਅਮਾਨਤ
ਅਮਾਰੀ, ਹੌਦਾ ਹਾਥੀ ਦਾ
ਅਰਮਾਨ, ਚਾਹ, ਇੱਛਾ, ਪਛਤਾਵਾ
ਅਰਾਕੀ, ਇਰਾਕ (ਅਰਬ) ਦਾ, ਅਰਬੀ ਘੋੜਾ, ਘੋੜਾ
ਅਲੱਖ, ਅਲੱਛ (ਅਲੱਕਸ਼), ਲੱਛਣ-ਰਹਿਤ, ਜੋ ਦਿਸੇ ਨਾ
ਅੱਲਾ-ਹੂ-ਅਕਬਰ, ਰੱਬ ਹੈ ਵੱਡਾ

ਆਹੋ ਜ਼ਾਰੀ, ਚੀਕ ਪੁਕਾਰ, ਰੋਣਾ ਪਿੱਟਣਾ
ਆਸ਼ਕ, ਇਸ਼ਕ-ਮੱਤਾ, ਪ੍ਰੇਮੀ, ਪ੍ਰੇਮ ਵਿਚ ਮਸਤ
ਆਜਜ਼ੀ, ਨਿੰਮ੍ਰਤਾ, ਅਧੀਨਗੀ
ਆਫ਼ਾਤ, ਔਕੜ, ਮੁਸ਼ਕਲ, ਤਕਲੀਫ
ਆਮਦ, ਆਉਣਾ
ਆਲੀਸ਼ਾਨ, ਉੱਚਾ, ਬੁਲੰਦ, ਵੱਡੇ ਮਰਤਬੇ ਵਾਲਾ
ਐਸ਼, ਸੁਖ, ਖ਼ੁਸ਼ੀ, ਆਰਾਮ
ਅੰਦਾਜ਼, ਅਦਾ, ਡੌਲ, ਨਖਰਾ
ਔਸਾਫ਼ (ਵਸਫ਼ ਦਾ ਬਹੁ-ਬਚਨ), ਸਿਫ਼ਤ ਗੁਣ, ਕੀਰਤਿ
ਅੰਬਰ, ਅਬਰ, ਬੱਦਲ, ਅਸਮਾਨ
ਅੰਬਾਰ, ਢੇਰ, ਤੋਦੇ

ਇਆਨ, ਇਯਾਂ, ਜ਼ਾਹਰ, ਅੱਖੀਂ ਦਿਸਦਾ
ਇਕਬਾਲ, ਉੱਚਤਾ, ਵਡਿਆਈ
ਇਜ਼ਹਾਰ, ਜ਼ਾਹਰ, ਪਰਗਟ, ਉਜਾਗਰ ਕਰਨਾ
ਇਨਸਾਨ, ਮਨੁਖ, ਬੰਦਾ, ਆਦਮੀ
ਇਮਦਾਦ, ਮਦਦ, ਸਹਾਇਤਾ
ਈਣ, ਆਈਨ, ਕਾਨੂੰਨ, ਕਾਇਦਾ, ਹੁਕਮ
ਈਦ, ਖ਼ੁਸ਼ੀ, ਪ੍ਰਬੰਧ
ਈਮਾਨ, ਧਰਮ, ਸਿਦਕ

ਸ਼ਹੀਦ, ਕੁਰਬਾਨ ਹੋਣ ਯਾ ਸ਼ਹਾਦਤ ਦੇਣ ਵਾਲਾ
ਸ਼ਹੁ, ਸ਼ੌਹ, ਮਾਲਕ, ਵੱਡ, ਖਾਵੰਦ, ਖਸਮ
ਸ਼ਕੀਲ, ਸ਼ਕਲਮੰਦ, ਸੋਹਣੀ ਸੂਰਤ ਵਾਲਾ
ਸੰਢਾ, ਸੰਢਾ, ਭੈਂਸਾ, ਢੱਟਾ, ਝੋਟਾ, ਮੈਂਹਾਂ

ਸ਼ੱਪ, ਸ਼ਤਾਬੀ, ਝੱਟ, ਛੇਤੀ, ਇਕ ਦਮ
ਸ਼ਬਾਹਤ, ਸੂਰਤ, ਮੂਰਤ
ਸ਼ਮਸ਼ੇਰ, ਸ਼ਮਸ਼ੀਰ, ਤਲਵਾਰ, ਕਿਰਪਾਨ
ਸਮਾਧਾ, ਫੈਸਲਾ, ਨਾਸ
ਸਰਕਾਰ, ਰਾਜ, ਹਕੂਮਤ, ਬਾਦਸ਼ਾਹ, ਮਹਾਰਾਜਾ ਰਣਜੀਤ ਸਿੰਘ
ਸਰਦ, ਠੰਢਾ, ਢਿੱਲਾ, ਕਮਜ਼ੋਰ, ਗਰਮੀ ਅਤੇ ਜੋਸ਼ ਤੋਂ ਖਾਲੀ
ਸਵਾਲੀ, ਸਵਾਲੀਯਾ, ਮੰਗ ਕਰਨ ਵਾਲਾ, ਇੱਛਾਵਾਨ, ਚਾਹਵਾਨ, ਮੰਗਤਾ, ਗਦਾ
ਸ਼ਾਇਰ, ਕਵੀ, ਭੱਟ, ਕਵੀਸ਼ਰ
ਸਾਖ, ਵਡਿਆਈ, ਉਪਮਾ, ਕੀਰਤਿ
ਸ਼ਾਹ-ਜ਼ੋਰੀ, ਜ਼ੋਰ, ਧੱਕਾ, ਹਿੰਮਤ, ਤਕੜਾਈ, ਸਖਤੀ
ਸ਼ਾਹਦਰਾ, ਲਾਹੌਰੋਂ ਉੱਤਰ ਵਲ ਰਾਵੀ ਪਾਰ ਇਕ ਕਸਬਾ
ਸ਼ਾਹ ਮਹਿਮੂਦ, ਬਾਦਸ਼ਾਹ ਕਾਬੁਲ
ਸ਼ਾਦਮਾਨ, ਸ਼ਾਦੀਵਾਨ, ਪ੍ਰਸੰਨ, ਖੁਸ਼, ਸੁਖੀ
ਸਾਬਤੀ, ਪੂਰਣਤਾ, ਵਫ਼ਾਦਾਰੀ, ਟਿਕਾਓ, ਅਡੋਲਤਾ, ਡਟਾਈ, ਇਕਸਾਰਤਾ
ਸ਼ਾਮਿਆਨਾ, ਚੰਦੋਆ, ਸਾਇਬਾਨ
ਸ਼ਾਲਾਮਾਰ ਬਾਗ਼, ਲਾਹੌਰ
ਸ਼ਿਕਸਤ, ਹਾਰ, ਭਾਜ, ਟੋਟਾ, ਨੁਕਸਾਨ, ਘਾਟ
ਸਿਦਕ, ਸਰਧਾ, ਵਿਸ਼ਵਾਸ, ਯਕੀਨ, ਸਚਾਈ, ਦਿਲ ਦੀ ਸਫ਼ਾਈ ।
ਸ਼ੁਕਰ-ਗੁਜ਼ਾਰ, ਧੰਨਵਾਦੀ
ਸੁਖਨ, ਬੋਲ
ਸੁਮਨ, ਚੰਗਾ, ਉੱਤਮ, ਘਿਓ
ਸੇਧ, ਸਧਾਈ, ਸਿੱਧਾ ਕਰਨਾ
ਸੈਤਾਨ, ਈਸਾਈ ਅਤੇ ਇਸਲਾਮ ਮਤਾਂ ਅਨੁਸਾਰ ਬੰਦੇ ਨੂੰ ਰੱਬ ਤੋਂ ਤੋੜਨ ਅਤੇ ਬਦੀ ਵਲ ਪ੍ਰੇਰਣ ਵਾਲਾ ਇਕ ਫਰਿਸ਼ਤਾ ; ਰੱਬ ਦਾ ਸਰੀਕ
ਸ਼ੋਖ, ਗੂੜ੍ਹਾ, ਪੱਕਾ, ਅਮਿਟ, ਤੇਜ਼
ਸੰਮਣ ਬੁਰਜ, ਲਾਹੌਰ ਦੇ ਕਿਲੇ ਦਾ

ਹਸਦ, ਈਰਖਾ
ਹਸ਼ਰ, ਕਿਆਮਤ, ਮੌਤ, ਪਰਲੋ, ਅੰਤ
ਹਜਾਮ, ਹਜਾਮਤ ਕਰਨ ਵਾਲਾ, ਨਾਈ
ਹਠ, ਮਨ ਦੀ ਪਕਿਆਈ, ਦਿੜ੍ਹਤਾ, ਡਟਾਈ
ਹਰਾਮ, ਅਪਵਿੱਤਰ, ਭੈੜਾ, ਮਨ੍ਹਾਂ, ਮਾੜਾ
ਹਲਾਕ, ਮੋਇਆ, ਮਰਿਆ
ਹਲਾਲ ਕਰਨਾ, ਕੋਹਣਾ, ਕੁੱਸਣਾ, ਘਾਇਲ ਕਰਨਾ, ਪਹਿਲ-ਦੂਜ ਦਾ ਚੰਦ
ਹਾਠ, ਜੋੜ, ਇਕਠ, ਪਰ੍ਹਾ
ਹਿਰਾਤ, ਅਫ਼ਗਾਨਿਸਤਾਨ ਦਾ ਇਕ ਸ਼ਹਿਰ
ਹੀਜੜਾ, ਖੁਸਰਾ, ਮਰਦਊ-ਰਹਿਤ
ਹੁਸਨ, ਸੁਹੱਪਣ, ਖ਼ੂਬਸੂਰਤੀ

ਕਸੀਰ, ਬਹੁਤ, ਅਧਿਕ, ਵੱਡਾ
ਕਹਿਰ ਕਲੁਰ, ਜ਼ੋਰ, ਜਬਰ, ਸਖਤੀ, ਭਿਆਨਕ, ਮਾਰੂ
ਕਹਿੰਦੇ, ਕਿਸ ਦੇ
ਕਜ਼ਾ, ਮੌਤ, ਅਚਾਨਕ, ਯਕਾਯਕ, ਨਾਗਹਾਂ
ਇਤਫ਼ਾਕਨ, ਇਤਫ਼ਾਕ ਨਾਲ, ਅਚਾਨਕ, ਅਬੋਲ
ਕਟਕ, ਦਲ, ਸੈਨਾ, ਸਮੂਹ, ਫੌਜ, ਜੱਥਾ
ਕਦਮ, ਪੈਰ
ਕਨਾਤ, ਪਰਦਾ ਕਪੜੇ ਦਾ
ਕੱਜ ਦੇਣਾ, ਢੱਕ ਦੇਣਾ
ਕਰਤਾਰ, ਕਰਤਾ ਪੁਰਖ, ਸਾਜਣਹਾਰ, ਵਾਹਿਗੁਰੂ, ਰੱਬ
ਕਰਮ, ਕਿਰਪਾ, ਮੇਹਰਬਾਨੀ, ਕੰਮ, ਕਿਸਮਤ
ਕਰੜ-ਬ੍ਰੂਟ, ਕਰੜ-ਬਰੜਾ, ਕੁਝ ਕੁ ਚਿੱਟੇ ਬਾਲਾਂ ਵਾਲੀਆਂ ਦਾੜ੍ਹੀਆਂ ਵਾਲੇ
ਕਰਾਨੀ, ਈਸਾਈ, ਫਰੰਗੀ, ਅੰਗਰੇਜ਼, ਆਦਿ
ਕਰਾਮਾਤ, ਅਨੋਖੀ, ਅਚੰਭੇ ਵਾਲੀ ਗੱਲ
ਕਲਬੂਤ, ਢਾਂਚਾ, ਜਿਸਮ, ਦੇਹ, ਸਰੀਰ

ਕਲਾਮ, ਗੱਲ-ਬਾਤ
ਕੜਕ, ਕੜੀ, ਛਤ ਦੀ ਲਕੜੀ
ਕਾਸਦ, ਹਰਕਾਰਾ
ਕਾਮਲ, ਕਮਾਲ ਵਾਲਾ, ਪੂਰਾ, ਮੁਕੰਮਲ
ਕਾਰੀ, ਕੰਮ ਕਰ ਜਾਣ ਵਾਲਾ, ਅਸਰ ਵਾਲਾ
ਕੁੱਸਣਾ, ਮਰਨਾ
ਕੁਦਰਤ, ਤਾਕਤ, ਸ਼ਕਤੀ, ਰਚਨ-ਸ਼ਕਤੀ
ਕੁਰੱਖਤ, ਕਰੜਾ, ਬੇਰਹਿਮ, ਕਠੋਰ
ਕੁਰਬਾਨ, ਵਾਰੇ ਜਾਣਾ, ਘੋਲ ਘੁਮਾਉਣਾ, ਨਛਾਵਰ ਹੋਣਾ, ਵਾਰ ਦੇਣਾ
ਕੋਤਾ, ਛੋਟਾ, ਘਟੀਆ
ਕੰਡ, ਪਿੱਠ
ਕਾਂਗ, ਕਾਗ, ਕਾਕ, ਕਾਓਂ, ਕਾਂ

ਖਸਤਾ, ਭੁਰਭੁਰਾ, ਜਰਜਰਾ, ਟੁੱਟਾ ਹੋਇਆ, ਭੈੜਾ
ਖੱਸਣਾ, ਖੋਹਣਾ, ਖਿਚਣਾ, ਖਿੰਜਣਾ
ਖਤਮ ਸ਼ੁਦ, ਮੁੱਕ ਗਿਆ, ਪੂਰਾ ਹੋ ਗਿਆ, ਅੰਤ ਤੇ ਪੁਜ ਗਿਆ, ਅਖੀਰ ਆ ਗਿਆ
ਖਪਰਾ, ਇਕ ਕੀੜਾ ਜੋ ਦਾਣੇ ਖਾ ਕੇ ਥੋਥੇ ਕਰ ਦਿੰਦਾ ਹੈ, ਇਕ ਕਿਸਮ ਦਾ ਸੱਪ
ਖਮਦਾਰ, ਵਿੰਗਾ, ਟੇਢਾ ਝੁਕਿਆ ਹੋਇਆ
ਖ਼ਰੋਸ਼, ਸ਼ੋਰ, ਰੌਲਾ
ਖ਼ਾਕ, ਮਿੱਟੀ, ਸੁਆਹ
ਖ਼ੁਸ਼ ਲਹਾਨ, ਮਿਠ-ਬੋਲੀ, ਸੋਹਣਾ ਗਾਉਣ ਵਾਲੀ, ਸੁਰੀਲੀ ਆਵਾਜ਼ ਵਾਲੀ
ਖੁਫ਼ੀਆ, ਲੁਕਵਾਂ, ਨਾਮਾਲੂਮ
ਖੁਦੀ, ਹਉਮੈ, ਆਪਾ-ਭਾਵ
ਖਰਸੰਦ, ਖੁਸ਼ੀ, ਪ੍ਰਸੰਨ, ਰਾਜ਼ੀ, ਪ੍ਰਵਾਣ
ਖੈਮਾ, ਤੰਬੂ
ਖੰਜਰੀ, ਛੋਟੀ ਡੱਫ, ਕਰ-ਚੱਕਰੀ, ਰਾਗ ਦਾ ਸਾਜ਼

ਗੁਸਤਾਨ, ਗੋਰਿਸਤਾਨ, ਕਬਰਿਸਤਾਨ, ਮਸਾਣ, ਮੜੀਆਂ, ਝਾਣੀਆਂ
ਗਜ਼ਬਨਾਕ, ਗੁਸੈਲ, ਕਰੋਪਵਾਨ, ਗੁੱਸੇ ਭਰਿਆ
ਗਦਾ, ਫਕੀਰ, ਮੰਗਤਾ
ਗਰਾਮੀ, ਬਜ਼ੁਰਗ, ਵੱਡਾ
ਗਰਾਡੀਲ, ਵੱਡੇ ਕਦ ਵਾਲੇ, ਕੱਦਾਵਰ
ਗਰੂਬ, ਲਹਿੰਦੇ ਜਾਣਾ, ਢਲਨਾ, ਉੱਤਰ ਜਾਣਾ
ਗਲਤਾਨ, ਮਸਤ, ਭੁੱਲਾ ਹੋਇਆ, ਲਿਬੜਿਆ ਹੋਇਆ
ਗਾਹਣ, ਪਾਣੀ ਦੀ ਘਟ ਡੂੰਘਿਆਈ ਵਾਲੀ ਥਾਂ, ਪਾਰ ਲੰਘਣਾ
ਗਾਜ਼ੀ, ਵੈਰੀ ਨੂੰ ਜੰਗ ਵਿਚ ਮਾਰਨ ਵਾਲਾ, ਜੋਧਾ, ਸੂਰਮਾ
ਗੁੱਡੀ, ਪਤੰਗ
ਗੁਫ਼ਤਾਰ, ਬੋਲਚਾਲ
ਗੁਬਾਰ, ਧੂੜ
ਗੁਨਾਹਗਾਰ, ਮੁਜਰਮ, ਅਪਰਾਧੀ, ਕੁਕਰਮੀ
ਗੁਲਜ਼ਾਰ, ਫੁਲਵਾੜੀ, ਬਾਗੀਚਾ
ਗੁਲਨਾਰ, ਇਕ ਕਿਸਮ ਦੇ ਅਨਾਰ ਦਾ ਫੁੱਲ, ਗੁਲਾਬੀ ਰੰਗ, ਲਾਲ ਰੰਗ
(ਅਜ਼) ਗੈਬ ਦਾ, ਲੁਕਵਾਂ, ਆਸਮਾਨ ਤੋਂ, ਰੱਬ ਵਲੋਂ
ਗੋਰ, ਕਬਰ
ਗੰਗ, ਗੰਗਾ ਨਦੀ

ਘੋਲਿਆ, ਵਾਰਿਆ, ਕੁਰਬਾਨ ਕੀਤਾ, ਆਪਣਾ ਆਪ ਮਿਟਾ ਦਿੱਤਾ

ਚਸ਼ਮਖਾਨਾ, ਅੱਖਾਂ ਦੇ ਅੰਦਰ
ਚਟਕ, ਫੁਰਤੀ, ਚੁਸਤੀ
ਚਾਤਰ, ਚਤਰ, ਬੁਧਵਾਨ, ਅਕਲਮੰਦ,

ਹੁਸ਼ਿਆਰ
ਚੰਬਾ, ਡੱਬ-ਖੜੱਬਾ

ਜ਼ਫਰਜੰਗ, ਫੌਜੀ ਖ਼ਿਤਾਬ, ਜੰਗ ਫ਼ਤਿਹ ਕਰਨ ਵਾਲਾ
ਜ਼ਰਦ, ਪੀਲਾ, ਬਸੰਤੀ
ਜ਼ਰਬਾਫ਼ਤਾ, ਸੋਨੇ ਚਾਂਦੀ ਦੀਆਂ ਤਾਰਾਂ ਉੱਤੇ ਸੂਤ ਦਾ ਉਣਿਆ ਹੋਇਆ ਕਪੜਾ
ਜ਼ਰੀਦਾਰ, ਸੁਨਹਿਰੀ ਤਾਰਾਂ ਵਾਲਾ, ਸੁਨਹਿਰੀ, ਕੱਢਿਆ ਹੋਇਆ
ਜਲਵਾ, ਚਮਕ, ਸੋਭਾ ਆਭਾ, ਦਰਸ਼ਨ
ਜ਼ਾਗ, ਕਾਗ, ਕਾਉਂ
ਜ਼ਿਬਾਹ, ਕਤਲ, ਹਲਾਲ, ਕੋਹਣਾ
ਜ਼ੀਨ, ਕਾਠੀ
ਜੁੱਰਤ, ਦਲੇਰੀ
ਜ਼ੁਲਫ, ਕਾਲੀ ਰਾਤ ਦਾ ਇਕ ਹਿੱਸਾ, ਕੰਨਾਂ ਦੇ ਕੋਲ ਦੀ ਕਾਲੇ ਬਾਲਾਂ ਦੀ ਲਟ
ਜ਼ੇਰ-ਕੱਦ, ਛੋਟੇ ਕੱਦ ਵਾਲਾ, ਬੌਣਾ
ਜ਼ੋਕ, ਖੁਸ਼ੀ, ਮਨ ਭਾਵਣਾ
ਜੰਡੀਆਂ ਬਾਵਰੀਆਂ, ਛੋਟੇ ਛੋਟੇ ਬਾਲ

ਝੁੱਲ, ਪਾਲੇ ਤੋਂ ਢਕਣ ਵਾਲਾ ਸਣ, ਉੱਨ, ਯਾ ਕਪਾਹ ਦਾ ਮੋਟਾ ਯਾ ਤਹਿਦਾਰ ਕਪੜਾ, ਖੂਬਸੂਰਤ ਕਢਿਆ ਹੋਇਆ ਕਪੜਾ, ਭਾਰ, ਮੁਸੀਬਤ, ਔਕੜ

ਤਹਿਕੀਕ, ਹਕੀਕਤ, ਅਸਲੀਅਤ, ਠੀਕ, ਸੱਚਮੁਚ ਇੰਨ-ਬਿੰਨ,
ਤਹਿਰੀਰ, ਲਿਖਤ
ਤਕਦੀਰ, ਕਿਸਮਤ, ਮੁਕੱਦਰ
ਤਕਸੀਰ, ਕਸੂਰ, ਗੁਨਾਹ, ਪਾਪ, ਮਾੜਾ ਕੰਮ
ਤਕਵਾ, ਡਰ, ਭੈ, ਆਸਰਾ, ਸਹਾਰਾ, ਓਟ
ਤਦਬੀਰ, ਢੰਗ
ਤਨਹਾ, ਇੱਕਲਾ
ਤਬਰ, ਛਵ੍ਹੀ, ਲੰਮਾ ਗੰਡਾਸਾ
ਤਲਬ, ਲੋੜ, ਇੱਛਾ, ਮੰਗ, ਤਨਖਾਹ, ਮੁੱਲ
ਤਰਖ, ਤਰਕ, ਸੋਚ, ਵਿਚਾਰ, ਜੁਗਤੀ, ਨੁਕਤਾਚੀਨੀ
ਤਰਾ, ਤਰਹਾ, ਦਮਤਾ, ਤੁਰਪ, ਜਥਾ
ਤੱਰਾਰ, ਤੇਜ਼,
ਤਾਬ, ਤਾਕਤ, ਹਿੰਮਤ, ਗਰਮੀ, ਚਮਕ
ਤਾਬਿਆ, ਹੁਕਮ ਹਜ਼ੂਰੀ, ਸੇਵਾ
ਤੁਪਕ, ਤੋਪ, ਬੰਦੂਕ
ਤੁੱਲ, ਬਰਾਬਰ, ਵਰਗਾ, ਟਾਕਰੇ ਦਾ
ਤੂਫਾਨ, ਅਨ੍ਹੇਰੀ, ਹੜ੍ਹ ਰੋੜ੍ਹ
ਤੇਗ, ਤਲਵਾਰ, ਸ਼ਮਸ਼ੀਰ, ਕਿਰਪਾਨ
ਤੌਰ, ਢੰਗ, ਰਸਤਾ, ਨੁਹਾਰ

ਦਸਤ, ਹੱਥ
ਦਸਤਾਰ, ਪਗੜੀ
ਦਹਾਨ, ਮੂੰਹ
ਦਰਕਾਰ, ਜ਼ਰੂਰੀ, ਜ਼ਰੂਰਤ, ਲੋੜੀਂਦੀ
ਦਰਾਜ਼, ਲੰਬਾ, ਬਹੁਤਾ
ਦਰੇਗ, ਝਿਜਕ, ਡਰ, ਕਮਜ਼ੋਰੀ, ਕਸਰ, ਸੰਕੋਚ
ਦੀਨ, ਧਰਮ, ਮਜ਼ਹਬ, ਪੰਥ, ਈਮਾਨ
ਦੂਲਾ, ਦੂਲ੍ਹਾ, ਵਿਆਹੰਦੜ, ਮੋਹਰਲਾ, ਅਗਲਾ
ਦੇਹਾਤ (ਦੇਹ ਦਾ ਬਹੁਬਚਨ), ਪਿੰਡ
ਦੰਗ, ਹੈਰਾਨ, ਪਰੇਸ਼ਾਨ

ਨਸੀਬ, ਕਿਸਮਤ, ਤਕਦੀਰ, ਮੁਕੱਦਰ, ਮੱਥੇ ਦੇ ਲੇਖ
ਨਕਦੀ, ਹੱਥੋ ਹੱਥੀ
ਨੱਕਾਰਾ, ਨਗਾਰਾ, ਟਮਕ, ਧੌਂਸਾ
ਨਖੁਟਸੀ, ਮੁੱਕ ਜਾਸੀ, ਪੂਰਾ ਹੋ ਜਾਏਗਾ
ਨੱਢਾ, ਮੁੰਡਾ, ਜੁਆਨ ਗਭਰੂ, ਛੋਕਰਾ
ਨਜੀਬ, ਬਹਾਦਰ, ਭਲਾਮਾਣਸ, ਸ਼ਰੀਫ

ਨਜ਼ੀਰ ਕਰਕੇ, ਖਿਆਲ ਜਾਂ ਧਿਆਨ ਕਰਕੇ
ਨਾਮਣਾ, ਨਾਮ, ਇੱਜ਼ਤ, ਸ਼ਾਨ
ਨ ਮੂਸ, ਇੱਜ਼ਤ, ਨੇਕਨਾਮੀ, ਕੀਰਤਿ, ਵਡਿਆਈ, ਪ੍ਰਭਤਾ, ਨਾਮਣਾ
ਨਿਆਜ਼, ਭੇਟਾ, ਨਜ਼ਰ
ਨ , ਸ਼ਰਮ, ਹਯਾ

ਪਸ਼ਵਾਜ, ਪਿਸ਼ਵਾਜ, ਕੁੜਤੀ ਨਾਲ ਸੀਤਾ ਹੋਇਆ ਕਲੀਆਂ ਵਾਲਾ ਘੱਗਰਾ ਜੋ ਨਚਾਰ ਜ਼ਨਾਨੀਆਂ ਪਹਿਨਦੀਆਂ ਹਨ
ਪੱਟ, ਰੇਸ਼ਮ, ਰੇਸ਼ਮੀ ਧਾਗਾ
ਪਟਰਾਣੀ, ਪਿਆਰੀ ਰਾਣੀ, ਜਿਸ ਨੂੰ ਪੱਟ ਉਤੇ ਬਿਠਾਇਆ ਜਾਵੇ
ਪਰਤਣਾ, ਮੁੜਨਾ, ਵਾਪਸ ਹੋਣਾ, ਪਿੱਛੇ ਹਟਣਾ
ਪਰਵਾਜ਼, ਉਡਾਰੀ
ਪਲੰਗ, ਚਿੱਤਰਾ ਬਾਘ, ਜੰਗਲੀ ਜਾਨਵਰ ਜਿਸ ਦੇ ਪਿੰਡੇ ਤੇ ਡੱਬ ਹੋਣ
ਪੜਤਲ, ਪਲਟਨ
ਪੀਂਘ, ਝੂਲ, ਹੁਲਾਰਾ
ਪੁਖ਼ ਾ, ਪੱਕਾ
ਪੁੱਠ, ਪਿੱਠ, ਕੰਡ
ਪੈਗਾਮ, ਸੁਨੇਹਾ
ਪੈਮਾਨ, ਵਹਿਦਾ, ਇਕਰਾਰ, ਪ੍ਰਣ

ਫ਼ਜ਼ਲ, ਕਿਰਪਾ, ਮੇਹਰਬਾਨੀ, ਦਇਆ
ਫ਼ਨਾਹ, ਨਾਸ, ਵਿਨਾਸ, ਮੌਤ, ਮਿਟ ਜਾਣਾ
ਫ਼ਰਾਮੋਸ਼, ਭੁੱਲਣਾ
ਫ਼ਰਾਰ, ਦੌੜ, ਉਡਾਰੀ
ਫ਼ੀਲ, ਹਾਥੀ
ਫੁੱਮਣ, ਫੁੱਲ ਦੀ ਸ਼ਕਲ ਤੇ ਆਕਾਰ ਵਾਲਾ ਰੇਸ਼ਮ ਯਾਂ ਸੂਤ ਦਾ ਗੁੱਛਾ
ਫ਼ੁਰਮਾਨ, ਫ਼ਰਮਾਨ, ਹੁਕਮ, ਅਰਸ਼ਾਦ
ਫ਼ੱਟ, ਫੁੱਟ, ਬੇ-ਇਤਫਾਕੀ, ਭਿੰਨ-ਭੇਦ, ਵਿੱਥ, ਤੇੜ, ਫਰਕ, ਘਾਪਾ, ਪਾੜਾ, ਨਾਰਾਜ਼ਗੀ

ਬਈਦ, ਦੂਰ
ਬੱਕ, ਹਰਨੋਟਾ
ਬਦਖਬਰਾ, ਭੈੜੀ ਖ਼ਬਰ ਦੱਸਣ ਯਾ ਲਿਆਉਣ ਵਾਲਾ
ਬਰਕ, ਬਿਜਲੀ
ਬਰਕਜ਼ਈ, ਬਾਰਕਜ਼ਈ, ਬਰਕ ਦੀ ਉਲਾਦ, ਪਠਾਣਾਂ ਦਾ ਇਕ ਕਬੀਲਾ
ਬਲਗ਼ਮ, ਖੰਘ
ਬਲਿਹਾਰ, ਕੁਰਬਾਨ, ਸਦਕੇ, ਘੋਲ-ਘੁਮਾਈ
ਬਾਗ਼ਬਾਨ, ਮਾਲੀ, ਬਾਗ਼ ਦਾ ਰਾਖਾ
ਬਾਜ਼ੀ, ਖੇਲ, ਤਮਾਸ਼ਾ
ਬਿਸਿਆਰ, ਬਿਸੀਆਰ, ਬਹੁਤ, ਬੇਸੁਮਾਰ, ਅਣਗਿਣਤ
ਬੀੜਾ, ਪਾਨ ਦਾ ਬੀੜਾ ਅਤੇ ਤਲਵਾਰ ਜੋ ਸੂਰਮਾ ਆ ਚੁਕਦਾ ਸੀ, ਉਸ ਨੂੰ ਜੰਗੀ ਮੁਹਿੰਮ ਦੀ ਕਮਾਨ ਦਿੱਤੀ ਜਾਂਦੀ ਸੀ
ਬੁਜ਼ਦਿਲ, ਭੇਢ-ਦਿਲਾ, ਡਰਪੋਕ, ਕਾਇਰ
ਬੇਤਾਬੀ, ਤੜਫਾਟ, ਪਰੇਸ਼ਾਨੀ, ਦੁਖ, ਬੇਅਰਾਮੀ
ਬੇਲੀ, ਸਾਥੀ, ਮਦਦਗਾਰ, ਵੇਲੀ, ਵੇਲੇ ਸਿਰ ਕੰਮ ਆਉਣ ਵਾਲਾ
ਬੇੜਾ, ਫੌਜ ਦਾ ਦਸਤਾ. ਸੈਨਾ ਦਾ ਟੋਲਾ

ਭੁਆਨ, ਭੁਵਾ ਦੇਣ, ਮੋੜ ਦੇਣ, ਵਾਪਸ ਕਰ ਦੇਣ
ਭੇਡੀ, ਬਦਨਾਮੀ, ਖਰਾਬੀ, ਬੇਇਤਫਾਕੀ, ਨਾਚਾਕੀ

ਮੱਸ-ਫੁੱਟ, ਮੁਛ-ਫੁੱਟ, ਨੌਜਵਾਨ, ਗਭਰੂ ਮੁੰਡੇ
ਮਹਿਫ਼ਲ, ਜਸ਼ਨ, ਇਕੱਠ ਦੀ ਥਾਂ
ਮਹਿਬੂਬ, ਪਿਆਰਾ, ਮਾਸ਼ੂਕ

ਮਹਿਲ, ਮਕਾਨ ਕਿਸੇ ਬਾਦਸ਼ਾਹ, ਅਮੀਰ ਜਾਂ ਸ਼ਾਹਿਜ਼ਾਦੇ ਦਾ
ਮਖ਼ਫ਼ੀ, ਖ਼ੁਫ਼ੀਆ, ਲੁਕਵੀਂ, ਨਾ ਮਾਲੂਮ
ਮਖ਼ਮੂਰ, ਖ਼ੁਮਾਰੀ ਵਿਚ, ਮਸਤ, ਬੇ-ਪਰਵਾਹ
ਮਜਲਸ, ਜਲਸਾ, ਦਰਬਾਰ, ਦੀਵਾਨ
ਮਜਾਲ, ਤਾਕਤ, ਹਿੰਮਤ, ਦਲੇਰੀ, ਹੌਸਲਾ
ਮਰਦ, ਆਦਮੀ, ਮਰਦਊ ਵਾਲਾ
ਮਲਿਕੁਲ-ਮੌਤ, ਮੌਤ ਦਾ ਫਰਿਸ਼ਤਾ, ਜਮ
ਮਲੰਗ, ਮਸਤ, ਬੇਹੋਸ਼, ਮੁਸਲਮਾਨਾਂ ਦਾ ਜਟਾ-ਜੂਟ(ਕੇਸਾਧਾਰੀ) ਫ਼ਿਰਕਾ ਜੋ ਜ਼ਿੰਦਾ ਸ਼ਾਹ ਮਦਾਰ ਦਾ ਅਨੁਸਾਰੀ ਹੈ
ਮਵਾਲੀ, ਮਵਲਾ ਦੇ, ਮੌਲਾ ਦੇ ਬੰਦੇ, ਰੱਬ ਉਤੇ ਡੋਰੀ ਰੱਖਣ ਵਾਲੇ, ਬੰਧਨਾਂ ਤੋਂ ਅਜ਼ਾਦ ਬੰਦੇ
ਮਾਹ, ਮਹੀਨਾ
ਮਾਹੀ, ਮੱਛੀ, ਮਛਲੀ
ਮਿਸਲ, ਵਾਂਗੂੰ
ਮਿਹਰ, ਮੇਹਰਬਾਨੀ, ਦਯਾ, ਕਿਰਪਾ, ਰਹਿਮ
ਮੁਸ਼ਕਲ, ਔਖ, ਔਖਾ
ਮਿਖ, ਮੇਖ, ਧੁਰ, ਆਕੜ
ਮੁਸਾਹਿਬ, ਸੋਹਬਤ ਵਿਚ ਰਹਿਣ ਵਾਲਾ
ਮੁਹਾਲ, ਮੁਸ਼ਕਲ, ਔਖਾ
ਮੁਕਾਮ, ਥਾਂ, ਟਿਕਾਣਾ, ਅੱਡਾ
ਮੁਖਤਿਸਰ, ਸੰਖੇਪ, ਸੰਕੋਚ, ਥੋੜਾ
ਮੁਜ਼ੱਫ਼ਰ ਖ਼ਾਨ, ਹਾਕਮ ਮੁਲਤਾਨ, ਜੋ ਸਿੰਘਾਂ ਦੇ ਟਾਕਰੇ ਤੇ ਮੁਲਤਾਨ ਦੀ ਲੜਾਈ ਵਿਚ ੧੯ ਜੇਠ ਸੰਮਤ ੧੮੭੫ ਬਿ. ੩੦ ਮਈ ਸੰਨ ੧੮੧੮ ਈ. ਨੂੰ ਮਾਰਿਆ ਗਿਆ ਸੀ।
ਮੁਰੀਦ, ਪੱਕੇ ਇਰਾਦੇ ਵਾਲੇ, ਚੇਲਾ, ਸ਼ਾਗਿਰਦ, ਸਾਥੀ, ਵਫ਼ਾਦਾਰ, ਅਨੁਸਾਰੀ
ਮੌਵਦਾ, ਸਮਾਉਂਦਾ
ਮੋਹਕਮ, ਪੱਕੀ, ਠੀਕ
ਮੁਜਰਮ, ਜੁਰਮ ਕਰਨ ਵਾਲਾ, ਅਪਰਾਧੀ, ਕੁਕਰਮੀ
ਮੋਰ, ਮੋੜ, ਮੁੜਨਾ, ਪਿਛੇ ਨੂੰ ਹਟਣਾ
ਮੋਰਚਾ, ਮੂਰਚਾਲ, ਕੀੜੀ ਦੀ ਚਾਲੇ ਹੌਲੀ ਹੌਲੀ ਅਗੇ ਨੂੰ ਸਰਕਾਉਣ ਵਾਲੇ ਓਹਲੇ ਯਾ ਮਰ੍ਹੜੇ ਜਿਨ੍ਹਾਂ ਦੇ ਪਿਛੇ ਲੁਕ ਕੇ ਵੈਰੀ ਦਾ ਵਾਰ ਰੋਕਿਆ ਜਾਂਦਾ ਯਾ ਵੈਰੀ ਪਰ ਵਾਰ ਕਰਨ ਦਾ ਸਮਾਂ ਉਡੀਕਿਆ ਜਾਂਦਾ ਹੈ

ਯਾਰੀ, ਦੋਸਤੀ, ਮਦਦ, ਸਹਾਇਤਾ

ਰਹੀਮ, ਰਹਿਮਤਾਂ ਕਰਨ ਵਾਲਾ, ਕਿਰਪਾ-ਨਿਧਾਨ, ਕਿਰਪਾਲੂ
ਰਫਤਾਰ, ਤੋਰ, ਚਾਲ, ਢੰਗ
ਰਮਜ਼, ਇਸ਼ਾਰਾ, ਸੈਣਤ
ਰਵਾ, ਚਾਲੂ
ਰਾਜ਼, ਭੇਤ
ਰਾਜ਼ਦਾਰ, ਭੇਤੀ
ਰੂਹ, ਆਤਮਾ, ਮਨ

ਲਾ ਕਦੀਮ ਥੀਂ, ਮੁਢ ਕਦੀਮਾਂ ਤੋਂ ਪੁਰਾਤਨ ਸਮੇਂ ਤੋਂ, ਢੇਰ ਜ਼ਮਾਨੇ ਤੋਂ
ਲੰਗੋਟੀਆ, ਬਚਪਨ, ਲੰਗੋਟੀਆਂ ਬੱਨ੍ਹਣ ਵੇਲੇ ਦਾ ਮਿੱਤਰ, ਨਿਕਟਵਰਤੀ, ਗੂੜ੍ਹਾ ਦੋਸਤ, ਪੱਕਾ ਸੱਜਨ

ਵਸਲ, ਪਿਆਜ਼, ਗੰਢਾ
ਵਸਾਲ, ਮੇਲ, ਮੇਲਾ ਮੁਲਾਕਾਤ
ਵਹੀਰ, ਬਹੀਰ, ਤੁਰੇ ਜਾਂਦੇ ਲੋਕਾਂ ਦੀ ਭੀੜ
ਵਕਤ, ਵਖਤ, ਸਮਾ, ਕੁਵੇਲਾ, ਭੈੜਾ ਸਮਾਂ ਬਦਕਿਸਮਤੀ
ਵੱਗ, ਡੰਗਰਾਂ ਦਾ ਇਕੱਠ, ਚੌਣਾ
ਵਰਮ, ਸੋਜ਼, ਸੁੱਜਣਾ
ਵਾੜ, ਸੰਘਣੀ ਵਾਰ, ਇਕਠੀ ਮਾਰ, ਬੰਦੂਕਾਂ ਦੀ ਸ਼ਲਕ,
ਵਿਰਦ, ਜਾਪ